ਸ੍ਰੀ ਮਾਨ ਪੰਡਿਤ ਤਾਰਾਹਰਿ ਨਰੋਤਮ

ਰਚਿਤ

ਸ੍ਰੀ ਗੁਰੁ ਤੀਰਥ ਸੰਗ੍ਰਹਿ

- ਪ੍ਰਕਾਸ਼ਕ -

ਸ੍ਰੀ ਨਿਰਮਲ ਪੰਚਾਇਤੀ ਅਖਾੜਾ

ਕਨਖਲ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

मेहा में :

डा. मान सिंघ की
निर्वाणी

मास्टर समरपिउ।

३१।१०।77

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

339

ਸਭ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ

ੴ ਸਤਿਗੁਰ ਪ੍ਰਸਾਦਿ ॥

ਸ੍ਰੀ ਮਾਨ ਭਾਰਾ ਹਰਿ ਨਰੋਤਮ

ਰਚਿਤ

ਸ੍ਰੀ ਗੁਰੂ ਤੀਰਥ ਸੰਗ੍ਰਹਿ

339 (N)
Sec. No.
Govt. Museum & Art Gallery

— ਪ੍ਰਕਾਸ਼ਕ —

ਸ੍ਰੀ ਨਿਰਮਲ ਪੰਚਾਇਤੀ ਅਖਾੜਾ

ਕਨਖਲ

ਸੰਨ ੧੯੭੫ ਕੁਲ ਪੰਨੇ ਦਸਤੇ

Digitized by Panjab Digital Library | www.panjabdigilib.org

- ਕੁੰਟਾ -

ਉਨ੍ਹਾਂ ਰੂਹ ਪਿਆਰਿਆਂ, ਗੁਰਮੁਖਾਂ,
ਸ੍ਰਧਾਲੂਆਂ ਤੇ ਤੀਰਥ ਯਾਤ੍ਰਾ ਦੇ ਪ੍ਰੇਮੀਆਂ ਪ੍ਰਤਿ
ਜਿਨ੍ਹਾਂ ਨੂੰ
ਗੁਰੂ ਦਰ ਦੀ ਧੂੜੀ ਪ੍ਰਾਪਤ ਕਰਕੇ
ਜਨਮ ਸਫਲ ਕਰਣ ਦੀ
ਸ਼ਰਧਾ ਹੈ

Digitized by Panjab Digital Library | www.panjabdigilib.org

ਸ੍ਰੀ ਗੁਰੂ ਤੀਰਥ ਸੰਗ੍ਰਹਿ ਦੇ

ਲੇਖਾਂ ਦੀ ਸੂਚੀ

ਸ੍ਰੀ ਗੁਰ ਤੀਰਥ ਸੰਗ੍ਰਹਿ ਦੀ ਜਾਣਕਾਰੀ	ੳ
ਸ੍ਰੀ ਭਾਈ ਹਰਿ ਨਰੋਤਮ ਦੀ ਜੀਵਨੀ	੩
ਸਥਾਨਾਂ ਕਾ ਵੇਰਵਾ	੩
ਤੀਰਥ ਯਾਤ੍ਰਾ ਕਾ ਲਾਭ	੪
ਪ੍ਰਸਤੁਕ ਕੇ ਮੈਂ ਰੇਤ	੫
ਸੇਵਾ ਕਾ ਫਲ	੬
ਗੁਰਦਵਾਰੇ ਬਣਨ ਦੇ ਕਾਰਣ	੮
ਗੁਰ ਸਥਾਨਾਂ ਦੇ ਇਲਾਕੇ	੯
ਸ੍ਰੀ ਗੁਰੂ ਨਾਨਕ ਸਾਹਿਬ ਜੀ	੧੨
ਸ੍ਰੀ ਗੁਰੂ ਅੰਗਦ ਸਾਹਿਬ ਜੀ	੩੦
ਸ੍ਰੀ ਗੁਰੂ ਅਮਰਦਾਸ ਜੀ	੩੪
ਸ੍ਰੀ ਗੁਰੂ ਰਾਮਦਾਸ ਜੀ	੩੯
ਸ੍ਰੀ ਗੁਰੂ ਅਰਜਨ ਦੇਵ ਜੀ	੪੨
ਸ੍ਰੀ ਗੁਰੂ ਹਰਿਗੋਬਿੰਦ ਜੀ	੫੩
ਸ੍ਰੀ ਗੁਰੂ ਹਰਿਰਾਇ ਜੀ	੭੪
ਸ੍ਰੀ ਗੁਰੂ ਹਰਿਕ੍ਰਿਸ਼ਨ ਜੀ	੮੩
ਸ੍ਰੀ ਗੁਰੂ ਤੇਗ ਬਹਾਦਰ ਜੀ	੮੭

Digitized by Panjab Digital Library | www.panjabdigilib.org

ਸ੍ਰੀ ਗੁਰੂ ਗੋਬਿੰਦ ਸਿੰਘ ਜੀ	੧੨੭
ਹੇਮ ਕੁੰਟ ਸਪਤ ਸ੍ਰਿੰਗ ਪਰਬਤ ਦਾ ਨਕਸ਼ਾ	
ਸਾਹਿਬਜ਼ਾਦਿਓਂ ਕੇ ਜਨਮ ਸਥਾਨਾਦਿ	੨੦੯
ਸ੍ਰੀ ਮਤ ਮਹਲੋਂ ਕੇ ਜਨਮ ਥਾਨਾਦਿ	੨੩੭
ਨਾਮੀ ਸੇਵਕੋਂ ਕੇ ਜਨਮ ਥਾਨਾਦਿ	੨੭੧
ਬਾਲਾ ਜੀ	੨੭੧
ਮਰਦਾਨਾ ਜੀ	੨੭੧
ਬੁੱਢਾ ਜੀ	੨੭੨
ਗੁਰੂ ਅੰਗਦ ਜੀ	੨੭੩
ਹੰਦਾਲ ਜੀ	੨੭੫
ਭਾਈ ਸਾਲੋ ਜੀ	੨੭੬
ਭਾਈ ਗੁਰਦਾਸ ਜੀ	੨੭੬
ਭਾਈ ਬੰਨੋ ਜੀ	੨੭੭
ਭਾਈ ਬਹਲੋ	੨੭੭
ਭਾਈ ਭਗਤੂ	੨੭੭
ਗੰਗਾ ਰਾਮ ਬ੍ਰਾਹਮਣ	੨੭੮
ਭਾਈ ਬਿਧੀ ਚੰਦ ਜੀ	੨੭੮
ਗੁਰੂ ਹਰਿ ਗੋਬਿੰਦ ਜੀ ਕੇ ਸੇਵਕ	੨੭੮
ਗੁਰੂ ਹਰਿ ਰਾਇ ਜੀ ਕੇ ਸੇਵਕ	੨੭੯
ਗੁਰੂ ਹਰਿਕ੍ਰਿਸ਼ਨ ਜੀ ਕੇ ਸੇਵਕ	੨੭੯
ਗੁਰੂ ਤੇਗ ਬਹਾਦਰ ਜੀ ਕੇ ਸੇਵਕ	੨੭੯

Digitized by Panjab Digital Library | www.panjabdigilib.org

ਪੰਜ ਪਿਆਰੇ - ਦਯਾ ਸਿੰਘ, ਹਿੰਮਤ ਸਿੰਘ, ਮੋਹਕਮ ਸਿੰਘ, ਧਰਮ ਸਿੰਘ,ਸਾਹਿਬ ਸਿੰਘ, ੨੮੦
ਚਾਲੀ ਮੁਕਤੇ ੨੮੧
ਸਿੱਖਾਂ ਦੇ ਚਾਰ ਭੇਦ ੨੮੫
ਸ਼ਹੀਦ ਰੀਜ ੨੮੬
ਗੁਰੂ ਜੀ ਕੇ ਬਚਨ, ਸ਼ਸਤ੍ਰਾਂ ਦੇ ੨੮੮
ਮੁਗਲ ਬਾਦਸ਼ਾਹਾਂ ਦਾ ਵੇਰਵਾ ੨੯੫
ਬਾਰਾਂ ਮਿਸਲਾਂ ੩੦੩
ਗੁਰ ਤੀਰਥ ਯਾਤ੍ਰਾ ਕੀ ਬਿਧਿ ੩੧੦

Digitized by Panjab Digital Library | www.panjabdigilib.org

ਸ੍ਰੀ ਗੁਰੁ ਤੀਰਥ ਸੰਗ੍ਰਹਿ ਦੀ ਜਾਣਕਾਰੀ

ਸ੍ਰੀ ਮਾਨ ਪੰਡਿਤ ਤਾਰਾ ਹਰਿ ਨਰੋਤਮ ਰਚਿਤ "ਸ੍ਰੀ ਗੁਰ ਤੀਰਥ ਸੰਗ੍ਰਹਿ" ਗ੍ਰੰਥ, ਜਿੱਥੇ ਸਤਿਗੁਰਾਂ ਦੇ ਸ੍ਰਧਾਲੁਆਂ ਪ੍ਰੇਮੀਆਂ, ਗੁਰਸਿੱਖਾਂ ਵਾਸਤੇ ਇਕ ਅਦਭੁਤ ਪੁਸਤਕ ਹੈ, ਓਥੇ ਖੋਜੀਆਂ, ਇਤਿਹਾਸਕਾਰਾਂ ਵਾਸਤੇ ਭੀ ਇਹ ਚਾਨਣ ਮੀਨਾਰ ਹੈ।

ਇਸ ਪੁਸਤਕ ਵਿਚ ਦਸੋਂ ਸਤਿਗੁਰਾਂ ਦੇ ਪਵਿੱਤ੍ਰ ਅਸਥਾਨਾਂ ਸੰਬੰਧੀ ਜ਼ਿਲਾ, ਤਹਿਸੀਲ, ਰਿਆਸਤ, ਇਲਾਕਾ, ਕੋਣ, ਦਿਸ਼ਾ, ਦੂਰੀ ਤੇ ਨਿਕਟ ਦੇ ਪ੍ਰਸਿੱਧ ਸ਼ਹਿਰ, ਟਿਕਾਣੇ ਆਦਿ ਦਾ ਪੂਰਾ ਪੂਰਾ ਪਤਾ ਥੋਹ ਦੱਸ ਕੇ, ਦਰਸ਼ਨ ਅਭਿਲਾਖੀਆਂ ਵਾਸਤ ਮਹਾਨ ਸੁਖੈਨਤਾ ਕਰ ਦਿੱਤੀ ਹੈ।

ਹੇਮ ਕੁੰਟ ਵਿਤ ਸਪਤਸ੍ਰਿੰਗ ਪਰਬਤ ਦੀ ਖੋਜ ਵਾਸਤੇ ਜੋ ਸ੍ਰੀ ਪੰਡਿਤ ਜੀ ਨੇ ਜੰਗਲਾਂ, ਪਹਾੜਾਂ, ਘਾਟੀਆਂ, ਉਤਰਾਈਆਂ, ਚੜ੍ਹਾਈਆਂ, ਨਦੀਆਂ, ਨਾਲਿਆਂ ਤੇ ਬਰਫਾਨੀ ਇਲਾਕਿਆਂ ਦਾ ਕਠਨ ਸਫਰ ਕਰ ਕੇ ਸਹੀ ਪਤਾ ਟਿਕਾਣਾ ਲਿਖਿਆ ਹੈ ਅਰ ਆਪਣੇ ਕਥਨ ਦੀ ਪੁਸ਼ਟੀ ਵਿਚ ਜੋ ਮਹਾਂ ਭਾਰਤ ਤੇ ਗੁਰ ਪ੍ਰਤਾਪ ਸੂਰਜ ਆਦਿ ਗ੍ਰੰਥਾਂ ਦਾ ਹਵਾਲਾ ਦੇ ਕੇ ਪਏ ਹੋਏ ਭੁਲੇਖੇ ਨੂੰ ਨਿਵਿਰਤ ਕੀਤਾ ਹੈ, ਇਹ ਇੱਕ ਮਹਾਨ ਗੌਰਵਤਾ ਭਰਪੂਰ ਉੱਦਮ ਹੈ, ਜਿਸ ਦੀ ਵਡਿਆਈ ਸਿੱਖ

Digitized by Panjab Digital Library | www.panjabdigilib.org

ਪੰਥ ਦੇ ਖੋਜੀ ਵਿਦਵਾਨ ਕਰ ਰਹੇ ਹਨ।

ਸ੍ਰੀ ਪੰਡਿਤ ਜੀ ਨੇ ਕੇਵਲ ਗੁਰ ਸਥਾਨਾਂ ਤੇ ਤੀਰਥਾਂ ਦੇ ਦਰਸ਼ਨ ਕਰਣ ਕਰਾਉਣ ਦਾ ਹੀ ਪ੍ਰੀਸ਼੍ਰਮ ਨਹੀਂ ਕੀਤਾ ਸਗੋਂ ਹਰੇਕ ਸਤਿਗੁਰਾਂ ਦੇ ਪਿਤਾ ਪਿਤਾਮਾ, ਅਵਤਾਰ ਦਿਹਾੜੇ, ਜਨਮ ਅਸਥਾਨ, ਪ੍ਰਸੱਧ ਪ੍ਰਸਿੱਧ ਕਾਰਨਾਮੇ ਅਰ ਬ੍ਰਹਮ ਲੀਨਤਾ ਦੀਆਂ ਸਹੀ ਸਹੀ ਤਾਰੀਖਾਂ ਤਥਾ ਉਨ੍ਹਾਂ ਦੇ ਮਹਿਲਾਂ ਅਰ ਪਰਿਵਾਰਾਂ ਦਾ ਪੂਰਨ ਵੇਰਵਾ ਦੇ ਕੇ ਮਾਨੋਂ ਇਹ ਇੱਕ 'ਗੁਰੂ ਬੰਸਾਵਲੀ' ਦਰਸਾ ਦਿੱਤੀ ਹੈ। ਜਿਸ ਨੂੰ ਪੰਥ ਪ੍ਰਸਿੱਧ ਵਿਦਵਾਨਾਂ ਨੇ ਬੜੇ ਸਤਿਕਾਰ ਨਾਲ ਅਪਣਾਇਆ ਹੈ।

ਜਿਨ੍ਹਾਂ ਮੁਗਲ ਬਾਦਸ਼ਾਹਾਂ ਦਾ ਗੁਰੂ ਸਾਹਿਬਾਂ ਦੇ ਵੇਲੇ ਤੇਜ ਪ੍ਰਤਾਪ ਰਿਹਾ, ਉਨ੍ਹਾਂ ਦੀਆਂ ਤਾਰੀਖਾਂ ਅਰ ਰਾਜ ਭਾਗ ਦਾ ਸਮਾਂ ਤਥਾ ਸਿੱਖ ਪੰਥ ਦੀਆਂ ਬਾਰਾਂ ਮਿਸਲਾਂ ਦੀ ਹੋਂਦ ਅਰ ਅੱਗੇ ਪਰੰਪਰਾ ਪ੍ਰਣਾਲੀ ਦੇ ਉਥਾਨ ਤੇ ਪਤਨ ਹੋਣ ਦੀ ਵਿਵਸਥਾ ਦੱਸ ਕੇ ਇਤਿਹਾਸਕਾਰਾਂ ਵਾਸਤੇ ਵਿਸ਼ੇਸ਼ ਸੁਗਮਤਾ ਕਰ ਦਿੱਤੀ ਹੈ।

ਉਪ੍ਰੋਕਤ ਵਿਆਖਿਆ ਤੋਂ ਇਨਾਂ ਕਿਧਰੇ ਸੰਖੇਪ ਟੂਕਾਂ ਤੇ ਕਿਧਰੇ ਲੰਬੇ ਵਿਚਾਰ ਦੇ ਕੇ ਸਿੱਖ ਪੰਥ ਦੇ ਵਿਦਵਾਨਾਂ ਨੂੰ ਘੋਰ ਨਿੰਦ੍ਰਾ ਤੋਂ ਸਾਵਧਾਨ ਕਰਣ ਦਾ ਜੋ ਮਹਾਨ ਯਤਨ ਕੀਤਾ ਹੈ, ਇਸ ਦੇਣ ਨੂੰ ਗੁਰੂ ਖਾਲਸਾ ਪੰਥ ਕਦੇ ਭੀ ਭੁੱਲ ਨਹੀਂ ਸਕੇਗਾ।

ਸਿੱਖ ਰਹਿਤ ਮ੍ਰਯਾਦਾ ਦੇ 'ਨਿਸਚਤ' ਕਰਣ ਲਈ

Digitized by Panjab Digital Library | www.panjabdigilib.org

ਜੋ ਜ਼ੋਰ ਦੇ ਕੇ ਆਪਣੇ ਅਭਿਪ੍ਰਾਯ ਨੂੰ ਪ੍ਰਗਟ ਕੀਤਾ ਹੈ, ਇਹ ਦੂਰ ਅੰਦੇਸ਼ੀ ਭਰਿਆ ਪ੍ਰਸਤਾਵ ਹੈ। ਕਿਉਂਕਿ :-

ਜਬ ਲਗ ਰਹੈ ਖਾਲਸਾ ਨਿਆਰੋ ॥
ਤਬ ਲਗ ਤੇਜ ਦੀਓ ਮੈ ਸਾਰੋ ॥

ਦੇ ਅਸਲ ਭਾਵ ਨੂੰ ਵਰਤੋਂ ਵਿੱਚ ਲਿਆਉਣ ਲਈ ਪ੍ਰੇਰਨਾ ਕਰਕੇ ਸਿੱਖ ਧਰਮ ਨੂੰ ਹਰ ਪੱਖੋਂ ਪੂਰਣ ਦੇਖਣ ਦੀ ਤੀਬਰ ਇੱਛਾ ਪ੍ਰਗਟਾਈ ਹੈ।

ਸ੍ਰੀ ਨਰੋਤਮ ਜੀ ਦੀ ਸੂਝ ਬੂਝ ਤਥਾ ਪ੍ਰਕਾਸ਼ ਢੰਗ ਦੀ ਵਿਲੱਖਣਤਾ ਸੰਬੰਧੀ ਜੋ ਸਿੱਖ ਵਿਦਵਾਨਾਂ ਨੇ ਆਪੋ ਆਪਣੇ ਗ੍ਰੰਥਾਂ ਵਿਚ ਸ਼ਲਾਘਾ ਕੀਤੀ ਹੈ, ਉਹ ਸ੍ਰੀ ਪੰਡਿਤ ਜੀ ਦ ਨਿਸ਼ਕਾਮ, ਅਥਾਹ ਤੇ ਕਠਨ ਕਾਰਜ ਦੀ ਪ੍ਰਸੰਸਾ ਵਿੱਚ ਸ਼ਰਧਾਂਜਲੀਆਂ ਰੂਪ ਮੁਕਤ ਮਾਲ ਦੀ ਸਿੱਖ ਪੰਥ ਵਿੱਚ ਸਦੀਵੀ ਸੁਗੰਧੜਾ ਪਸਰੀ ਰਹੇਗੀ।

ਵਿਦਵਾਨਾ ਦੇ ਚਰਨਾਂ ਦੀ ਧੂੜੀ ਦਾ ਇੱਛਕ :-

ਗਿਆਨੀ ਮਹਿੰਦਰ ਸਿੰਘ 'ਰਤਨ'
(ਸ: ਬੁਧ ਸਿੰਘ ਪ੍ਰੈਸ ਵਾਲੇ)

ਅਮ੍ਰਿਤਸਰ

ਮਈ ੧੯੭੫

Digitized by Panjab Digital Library | www.panjabdigilib.org

੧ ਓ

ਸ਼੍ਰੀ ੧੦੮ ਸ਼੍ਰੀ ਮਹੰਤ ਸਾਹਿਬ ਪੰ: ਤਾਰਾ ਹਰਿ ਨਰੋਤਮ ਜੀ
ਨਿਰਮਲ ਪੰਚੌਤੀ ਅਖਾੜਾ ਕਨਖਲ (ਹਰਿਦੁਆਰ)
ਲੇਖਕ 'ਗੁਰ ਤੀਰਥ ਸੰਗ੍ਰਹਿ'



ਜੋ ਭੇਖ ਕੀ ਸੰਮਤੀ ਸੇ ਸ਼੍ਰੀ ਮਹੰਤ ਰਾਮ ਸਿੰਘ ਜੀ ਦੇ
ਜਾ ਨਸ਼ੀਨ ਬਣੇ ਅਤੇ ਆਪ ਪਟਿਆਲਾ ਨਰੇਸ਼ ਜੀ ਦੇ
ਰਾਜ ਪੰਡਿਤ ਸਨ ।

Digitized by Panjab Digital Library | www.panjabdigilib.org

१६७६
५७
१६ 22

१६३२
१६७६
४३

१६३२
४७
१६ 74

੧ੳ

ਸ੍ਰੀ ਮਾਨ ਪੰਡਿਤ ਤਾਰਾ ਸਿੰਘ ਜੀ ਨਰੋਤਮ ਦੀ ਸੰਖੇਪ ਜੀਵਨੀ

ਆਪ ਜੀ ਦਾ ਜਨਮ ਨਗਰ, 'ਕਾਲਮਾ' ਜ਼ਿਲਾ ਗੁਰਦਾਸਪੁਰ ਵਿਚ ਸੰਮਤ ੧੮੭੯ ਬਿਕ੍ਰਮੀ ਵਿਖੇ ਹੋਇਆ। ਇਹ ਕਾਲਮਾ ਨਗਰ ਕਾਦੀਆਂ ਸਟੇਸ਼ਨ ਤੋਂ ਦੋ ਮੀਲਾਂ ਦੀ ਦੂਰੀ ਤੇ ਹੈ। ਆਪ ਜੀ ਨੂੰ ਜ਼ਿਮੀਦਾਰੇ ਦਾ ਕੰਮ ਕਰਦੇ ਹੋਏ ਭੀ ਸਾਧੂ ਸੰਗਤ ਦਾ ਬਹੁਤ ਪ੍ਰੇਮ ਸੀ। ਇਸ ਪ੍ਰਭਾਵ ਸਦਕੇ ਜਦੋਂ ਵੀਹਾਂ ਕੁ ਸਾਲਾਂ ਦੇ ਹੋਏ ਤਾਂ ਇਹਨਾਂ ਦੇ ਪਿੰਡ ਜਦੋਂ ਕੋਈ ਮਹਾਤਮਾ ਆ ਜਾਏ ਤਾਂ ਉਸ ਦੇ ਪਾਸ ਜਾ ਕੇ ਪਰਮੇਸ਼੍ਵਰ ਸੰਬੰਧੀ ਕਥਾ ਵਾਰਤਾ ਸੁਣਦੇ ਰਹਿੰਦੇ ਸਨ।

"ਗੁਰ ਸੇਵਾ ਤੇ ਭਗਤਿ ਕਮਾਈ।
ਤਬ ਇਹ ਮਾਨੁਸ ਦੇਹੀ ਪਾਈ।"

ਇਸ ਅਨੁਸਾਰ ਜਿਸ ਮਨੁਖ ਜਨਮ ਨੂੰ ਦੇਵੀ ਦੇਵਤੇ ਭੀ ਲੋਚਦੇ ਹਨ, ਇਸ ਨੂੰ ਸਫਲ ਕਰਨੇ ਦੇ

Digitized by Panjab Digital Library | www.panjabdigilib.org

ਵਿਚਾਰ ਨਾਲ ਖੇਤ ਜਾਣ ਦੇ ਬਹਾਨੇ ਘਰੋਂ ਨਿਕਲ ਕੇ ਭੋਟਾ ਵਾਲੇ ਪਤਣ ਤੋਂ ਬਿਆਸਾ ਦਰਿਆ ਪਾਰ ਕਰ ਕੁਰਾਲੇ ਪਿੰਡ ਜ਼ਿਲਾ ਹੁਸ਼ਿਆਰ ਪੁਰ ਗਿਰਵੜੀ ਨਦੀ ਦੇ ਕਿਨਾਰੇ ਜਿਥੇ ਸੌ ਡੇਢ ਸੌ ਦੇ ਲਗਪਗ ਮਹਾਤਮਾ ਸੁੰਦਰ ਆਸ਼੍ਰਮ ਵਿਚ ਭਜਨ ਬਾਣੀ ਅਤੇ ਨਾਮ ਦੇ ਰਸੀਏ ਪੰ: ਗੁਲਾਬ ਸਿੰਘ ਜੀ ਨਿਜ ਮੰਡਲੀ ਸਹਿਤ ਨਿਵਾਸ ਕਰਦੇ ਸਨ, ਉਹਨਾ ਅਗੇ ਜਾ ਸਿਰ ਝੁਕਾਇਆ ਅਤੇ ਪ੍ਰੇਮ ਭਾਵ ਨਾਲ ਸੇਵਾ ਕਰਦੇ ਰਹੇ। ਦਿਨ ਪ੍ਰਤੀ ਦਿਨ ਵੈਰਾਗ ਤੇ ਸ਼ਰਧਾ ਨੇ ਹਿਰਦੇ ਵਿਚ ਆਨ ਨਿਵਾਸ ਕੀਤਾ।

ਨਿਰਮਲ ਸਾਧੂ ਭੇਖ ਅਤੇ ਦੀਖਸ਼ਾ

"ਸਚਿ ਰਤੇ ਸੇ ਨਿਰਮਲੇ"

ਆਪ ਜੀ ਦਾ ਸੁਭਾਵ ਬਹੁਤ ਗੰਭੀਰ ਸੀ। ਵੈਰਾਗ ਅਤੇ ਸ਼ਰਧਾ ਨੇ ਸੋਨੇ ਵਿਚ ਸੁਗੰਧੀ ਦਾ ਕੰਮ ਕੀਤਾ। ਗੁਰੂ ਜੀ ਪਾਸ ਪ੍ਰੇਮ ਭਾਵ ਨਾਲ ਮਨੁਖ ਜਨਮ ਨੂੰ ਸਫਲ ਕਰਨ ਹਿਤ ਬੇਨਤੀ ਕਰ ਗੁਰੂ ਮੰਤ੍ਰ ਲੈ ਸ਼ਿਸ਼ਜ ਭਾਵ ਗ੍ਰਹਣ ਕਰ ਸੇਵਾ ਕਰਨ ਵਿਚ ਤਤਪਰ ਹੋ ਗਏ।

"ਸਾ ਸੇਵਾ ਕੀਤੀ ਸਫਲ ਹੈ ਜਾਂ ਸਤਿਗੁਰੂ ਕਾ ਮਨੁ ਮੰਨੇ॥"

ਅਨੁਸਾਰ ਗੁਰੂ ਪ੍ਰਸੰਨਤਾ ਅਤੇ ਆਸ਼ੀਰਵਾਦ ਲੈ ਪ੍ਰਥਮ ਅੰਮ੍ਰਿਤਸਰ ਆ ਕੇ ਗੁਰੂ ਘਰ ਦੇ ਸਾਰੇ ਗ੍ਰੰਥਾਂ ਨੂੰ

Digitized by Panjab Digital Library | www.panjabdigilib.org

ਚੇਤੀ ਤਰਾਂ ਵਿਚਾਰਿਆ।

ਵਿਦਿਆ ਪਠਨ ਪਾਠਨ

ਉਪਰੰਤ ਸ਼ਿਵ ਨਗਰੀ ਕਾਸ਼ੀ ਪੁਰੀ ਜੀ ਜਾ ਕੇ ਵੇਦ, ਵੇਦਾਂਗ, ਖਟ ਦਰਸ਼ਨ ਤੇ ਧਰਮ ਸ਼ਾਸਤ੍ਰ ਵੇਦਾਂਤ ਸ਼ਾਸਤ੍ਰ ਦੇ, ਚਿਤ ਸੁਖੀ, ਅਦ੍ਵੈਤਸਿਧਿ, ਖੰਡਨ ਖੰਡ ਖਾਦਜਾਦਿਕ ਉਚ ਕੋਟੀ ਦੇ ਵੇਦਾਂਤ ਗ੍ਰੰਥਾਂ ਦਾ ਅਧਯੈਨ ਕਰ ਕਾਸ਼ੀ ਤੋਂ ਸੰਮਤ ੧੯੧੮ ਨੂੰ ਹਰਿਦਵਾਰ ਦੀ ਅਰਧ ਕੁੰਭੀ ਤੇ ਆਏ। ਵਿਦ੍ਵਤਾ ਦੇ ਪ੍ਰਭਾਵ ਨਾਲ ਸਿਖ ਰਿਆਸਤ ਦੇ ਮਹਾਰਾਜਾ ਨਰੇਂਦਰ ਸਿੰਘ ਜੀ ਪਟਿਆਲਾ ਤਰ ਆਪ ਜੀ ਦਾ ਜਸ ਫੈਲ ਗਿਆ। ਆਪ ਜੀ ਨੂੰ ਨਿਰਮਲ ਪੰਥ ਹਿਤੈਸ਼ੀ ਅਤੇ ਗੁਰੁ ਘਰ ਦੇ ਪ੍ਰੇਮੀ ਹੋਣ ਦੇ ਨਾਤੇ ਪ੍ਰਸਤੁਤ ਪੰਡਿਤ ਜੀ ਨੂੰ ਪਰਮ ਸਤਕਾਰ ਸਹਿਤ ਅਹਿਲਕਾਰਾਂ ਦ੍ਵਾਰਾ ਹਾਥੀ ਦੀ ਸਵਾਰੀ ਪੁਰ ਲਿਆ ਕੇ "ਧਰਮ ਗੜ" ਕੋਠੀ ਵਿਚ ਉਤਾਰਾ ਦਿਤਾ ਗਿਆ ਤੇ ਮਹਾਰਾਜਾ ਨਰੇਂਦਰ ਸਿੰਘ ਜੀ ਨੇ ਪੰਡਿਤ ਤਾਰਾ ਹਰਿ ਨਰੋਤਮ ਜੀ ਲਿਖਿਤ ਗ੍ਰੰਥਾਂ ਨੂੰ ਪ੍ਰਕਾਸ਼ਤ ਕਰਨ ਵਿਚ ਪੂਰੀ ਸਹਾਇਤਾ ਦਿਤੀ।

ਪੰਡਿਤ ਜੀ ਦੀ ਰਚਨਾ ਦੇ ਗਰੰਥ ਅਤੇ ਗੁਰਬਾਣੀ ਦਾ ਪ੍ਰਚਾਰ

(੧) ਸੋਧਸ਼ ਪੰਥ ਕ੍ਰਿਤ ਪੰਡਤ ਗੁਲਾਬ ਸਿੰਘ ਜੀ

Digitized by Panjab Digital Library | www.panjabdigilib.org

ਇਸ ਦੀ ਸੁੰਦਰ ਤੇ ਸੁਖੈਨ ਟੀਕਾ ਸੰਮਤ ੧੯੩੨ ਮਘਰ ਵਿਚ ਕੀਤੀ।

(੨) ਸ਼ਬਦ ਸੁਰਤਰੁ ਕੋਸ਼।

(੩) ਗੁਰਮਤ ਨਿਰਣਯ ਸਾਗਰ।

(੪) ਵਾਹਿਗੁਰੂ ਸ਼ਬਦਾਰਥ।

(੫) ਅਕਾਲ ਮੂਰਤਿ ਪ੍ਰਦਰਸ਼ਨ।

(੬) ਗੁਰੂ ਵੰਸ਼ ਦਰਪਣ।

(੭) ਪ੍ਰੀਖਿਜਆ ਪ੍ਰਕਰਣ।

(੮) ਸ੍ਰੀ ਜਪੁਜੀ, ਰਹਿਰਾਸ, ਕੀਰਤਨ ਸੋਹਿਲਾ ਅਤੇ ਹਜ਼ਾਰੇ ਸ਼ਬਦਾਂ ਦੀ ਟੀਕਾ।

(੯) ਸ੍ਰੀ ਰਾਗ ਅਤੇ ਗਉੜੀ ਰਾਗ ਦੀ ਵਿਸਤਾਰ ਸਹਿਤ ਟੀਕਾ।

(੧੦) ਟੀਕਾ ਭਗਤ ਬਾਣੀ।

(੧੧) ਗੁਰ ਤੀਰਥ ਸੰਗ੍ਰਹਿ।

(੧੨) ਗੁਰੂ ਗਿਰਾਰਥ ਕੋਸ਼ ਇਤਯਾਦਿਕ ਰਚਨਾ ਦੇ ਹੋਰ ਭੀ ਅਨੇਕਾਂ ਗ੍ਰੰਥ ਹਨ।

ਸ੍ਰੀ ਕਾਨ੍ਹ ਸਿੰਘ ਜੀ ਨਾਭਾ ਨੇ ਇਹ ਗਲ ਬੜੇ ਫਖਰ ਨਾਲ ਮੰਨੀ ਹੈ ਕਿ ਮੈਂ ਆਪਣਾ ਮਹਾਨ ਕੋਸ਼ ਭੀ ਪੰਡਿਤ ਤਾਰਾ ਹਰਿ ਨਰੋਤਮ ਜੀ ਦੇ ਕੋਸ਼ ਦੇ ਅਧਾਰ ਤੇ ਹੀ ਲਿਖਿਆ ਹੈ। ਉਕਤ ਸਭ ਰਚਨਾਵਾਂ ਸੰਮਤ ੧੯੩੨ ਤੋਂ ਲੈ ਕੇ ੧੯੪੯ ਤਕ ਦੀਆਂ ਹਨ।

Digitized by Panjab Digital Library | www.panjabdigilib.org

ਸ੍ਰੀ ਮਹੰਤ ਬਣੇ

ਸੰਮਤ ੧੯੩੨ ਵਿਚ ਸਰਬ ਭੇਖ ਦੀ ਸੰਮਤੀ ਨਾਲ ਕੁਬੇਰੀਏ ਸ੍ਰੀ ਮਹੰਤ ਸਾਹਿਬ ਰਾਮ ਸਿੰਘ ਜੀ ਨੇ ਆਪਣੇ ਜਾ ਨਸ਼ੀਨ ਪੰਡਤ ਤਾਰਾ ਹਰਿ ਨਰੋਤਮ ਜੀ ਨੂੰ ਥਾਪ ਦਿਤਾ। ਆਪ ਜੀ ਦਾ ਸਰੀਰ ਪਰਮ ਪੁਰਸ਼ਾਰਥੀ ਸੀ। ਅਖਾੜੇ ਦੀ ਦੇਖ ਰੇਖ ਦੇ ਕੰਮਾਂ ਨੂੰ ਕਰਦੇ ਹੋਏ ਭੀ ਉਪ੍ਰੋਕਤ ਗ੍ਰੰਥਾਂ ਦੀ ਰਚਨਾ ਵਿਚ ਹੀ ਰੁਚੀ ਰਖਦੇ ਸਨ। ਗਿਆਨੀ ਗਿਆਨ ਸਿੰਘ ਜੀ ਕਰਤਾ 'ਪੰਥ ਪ੍ਰਕਾਸ਼' ਆਪਜੀ ਦੇ ਹੀ ਵਿਦਯਾਰਥੀ ਸਨ ਅਤੇ ਪੰਡਿਤ ਵੀਰ ਸਿੰਘ ਜੀ ਨਿਰਮਲ ਸੰਪ੍ਰਦਾਯ ਬਰਨਾਲੇ ਵਾਲਿਆਂ ਦੇ ਸ਼ਿਸ਼ਯ ਅਰਥਾਤ (ਚੇਲੇ) ਗਿਆਨੀ ਜੀ ਨੇ ਆਪਣੀ ਰਚਨਾ ਵਿਚ ਪੰਡਿਤ ਤਾਰਾ ਹਰਿ ਨਰੋਤਮ ਜੀ ਨੂੰ ਆਪਣੇ ਵਿਦਿਯਾ ਗੁਰੂ ਮੰਨਿਆ ਹੈ। ਇਸ ਪ੍ਰਕਾਰ ਨਿਰਮਲ ਭੇਖ ਨੂੰ ਖਟ ਦਰਸ਼ਨੀ ਭੇਖ ਵਿਚ ਵਿਦਿਆ ਬਲ ਨਾਲ ਪ੍ਰਸਿਧ ਕਰਕੇ, ਨਿਰਮਲ ਭੇਖ ਦਾ ਮਾਰਤੰਡ (ਸੂਰਜ) ਪੰਚ ਭੌਤਿਕ ਸ਼ਰੀਰ ਤਿਆਗ ਪੂਰੇ ਸੋਲ੍ਹਾਂ ਵਰਸ਼ ਨਿਸ਼ਕਾਮ ਸੇਵਾ ਕਰਕੇ ੧੯੪੯ ਸੰਮਤ ਦੇ ਕੁੰਭ ਤੋਂ ਬਾਦ ਪਟਿਆਲੇ ਹੀ ਅਸਤ ਹੋ ਗਿਆ।

ਆਪ ਜੀ ਦੇ ਨੜੋਏ ਦਾ ਭਾਰੀ ਸ਼ੋਕ

ਆਪ ਜੀ ਦੇ ਨੜੋਏ ਦਾ ਪੂਰੇ ਸਤਿਕਾਰ ਤੇ ਮਾਤਮੀ

Digitized by Panjab Digital Library | www.panjabdigilib.org

ਢੰਗ ਨਾਲ ਜਲੂਸ ਕਢਿਆ ਗਿਆ। ਸਭ ਸਰਕਾਰੀ ਦਫਤਰ ਬੰਦ ਕੀਤੇ ਗਏ, ਬਾਜ਼ਾਰਾਂ ਵਿਚ ਦੁਕਾਨਾਂ ਸ਼ੋਕ ਵਜੋਂ ਬੰਦ ਕੀਤੀਆਂ ਗਈਆਂ ਅਤੇ ਫੌਜੀ ਸੈਨਿਕ ਕਾਲੇ ਬਿਲੇ ਲਗਾ ਬੰਦੂਕਾਂ ਦੇ ਸਿਰ ਨੀਵੇਂ ਕਰਕੇ ਤੇ ਅਪਣੇ ਸਿਰ ਝੁਕਾਕੇ ਨਾਲ ਨਾਲ ਚੁਪ ਚੁਪੀਤੇ ਜਾ ਰਹੇ ਸਨ। ਇਹ ਨਿਰਮਲ ਭੇਖ ਦੇ ਅਦ੍ਵਿਤੀਯ ਵਿਦਵਾਨ, ਨਿਰਮਲ ਭੇਖ ਨੂੰ ਭਾਵੇਂ ਪੰਚ ਭੌਤਿਕ ਸਰੀਰ ਨਾਲ ਸਦਾ ਵਿਛੋੜਾ ਦੇ ਗਏ ਪਰ ਉਕਤ ਪੰਡਿਤ ਜੀ ਦੀ ਆਤਮਾ ਗ੍ਰੰਥ ਰਚਨਾ ਦਵਾਰਾ ਹਮੇਸ਼ਾਂ ਅਮਰ ਹੀ ਹੈ। ਓਹਨਾਂ ਦੀ ਰਚਨਾਂ ਪ੍ਰਸਤੁਤ ਗ੍ਰੰਥ ਤੀਰਥ ਸੰਗ੍ਰਹਿ ਸਭ ਗ੍ਰੰਥਾਂ ਤੋਂ ਪਹਿਲੀ ਰਚਨਾ ਹੈ। ਜੇਕਰ ਤੀਰਥ ਸੰਗ੍ਰਹਿ ਗ੍ਰੰਥ ਨਾ ਹੁੰਦਾ ਤਾਂ ਸਿਖ ਪੰਥ ਨੂੰ ਗੁਰਦਵਾਰਿਆਂ ਦੀ ਭਾਲ ਕਰਨੀ ਬਹੁਤ ਕਠਨ ਹੁੰਦੀ।

ਨਿਰਮਲ ਭੇਖ

'ਨਿਰਮਲ ਭੇਖ ਅਪਾਰ ਤਾਸ ਬਿਨ ਅਵਰ ਨ ਕੋਈ' ਤੋਂ ਪ੍ਰਤੀਤ ਹੁੰਦਾ ਹੈ ਕਿ ਨਿਰਮਲ ਭੇਖ ਭੀ, ਜਿਸ ਪ੍ਰਕਾਰ ਸੰਸਾਰ ਅਨਾਦੀ ਹੈ ਉਸੀ ਪ੍ਰਕਾਰ ਅਨਾਦੀ ਹੈ ਤੇ ਵਿਸ਼ਨੂੰ ਭਗਵਾਨ ਜੀ ਤੋਂ ਹੀ ਚਲਿਆ ਆਂਦਾ ਹੈ ਪਰ ਸਮੇਂ ਸਮੇਂ ਕੋਈ ਵਸਤੂ ਮਧਮ ਜਾਂ ਤੇਜ ਹੁੰਦੀ ਰਹਿੰਦੀ ਹੈ। ਇਸ ਤਰਾਂ ਸਮਾਂ ਪਾ ਕੇ ਨਿਰਮਲ ਭੇਖ ਭੀ ਲੁਪਤ ਪ੍ਰਾਯ ਹੋ ਗਿਆ ਸੀ ਤਾਂ ਪ੍ਰਿਥਵੀ ਦੀ ਪੁਕਾਰ ਸੁਣ ਵਿਸ਼ਨੂੰ ਜੀ ਨੇ ਗੁਰੂ ਨਾਨਕ ਰੂਪ

Digitized by Panjab Digital Library | www.panjabdigilib.org

ਧਾਰ ਜਗਤ ਦੇ ਕਲਿਆਣ ਹੇਤ, ਨਿਰਮਲ ਭੇਖ ਨੂੰ ਫਿਰ ਜਾਗ੍ਰਤ ਕੀਤਾ।

ਮਾਰਿਆ ਸਿਕਾ ਜਗਤ ਵਿਚ
ਨਾਨਕ 'ਨਿਰਮਲ ਪੰਥ' ਚਲਾਇਆ ॥

ਇਸ ਪ੍ਰਕਾਰ ਨਿਰਮਲ ਭੇਖ ਦੇ ਬੜੇ ਬੜੇ ਧੁਰੰਧਰ ਵਿਦਵਾਨ ਸਾਧੂ ਅਧਿਆਤਮ ਵਿਦਿਆ ਦਾ ਪ੍ਰਚਾਰ ਅਤੇ ਭਗਤਿ ਭਾਵ ਦਾ ਪ੍ਰਚਾਰ ਕਰਦੇ ਰਹੇ ਹਨ ਜਿਨ੍ਹਾਂ ਦੇ ਨਾਮ ਮਹੰਤ ਗਣੇਸ਼ਾ ਸਿੰਘ ਜੀ ਵਿਰਚਿਤ, ਨਿਰਮਲ ਭੂਸ਼ਣ, ਅਰਥਾਤ ਇਤਿਹਾਸ ਨਿਰਮਲ ਭੇਖ ਵਿਚੋਂ ਚੰਗੀ ਤਰਾਂ ਦੇਖ ਸਕਦੇ ਹੋ। ਇਹ ਤੀਰਥ ਸੰਗ੍ਰਹਿ ਗ੍ਰੰਥ ਭਗਤਿ ਭਾਵ ਉਤਪੰਨ ਕਰ ਮੁਕਤੀ ਮਾਰਗ ਦਾ ਕਾਰਣ ਹੈ। ਜਗਜਾਸੂ ਜਨ ਲਾਭ ਉਠੰਣ। ਪ੍ਰਸਤੁਤ ਗ੍ਰੰਥ ਸ੍ਰੀ ਮਹੰਤ ਸਾਹਿਬ ਪੰ: ਸੁਚਾ ਸਿੰਘ ਜੀ ਨਿਰਮਲ ਪੰਚਾਇਤੀ ਅਖਾੜਾ ਕਨਖਲ ਜੀ ਦੀ ਪ੍ਰੇਰਣਾ ਨਾਲ ਪ੍ਰਕਾਸ਼ਤ ਹੋਇਆ ਹੈ ਅਤੇ ਮੈਂ ਆਸ਼ਾ ਕਰਦਾ ਹਾਂ ਕਿ ਸ੍ਰੀ ਮਹੰਤ ਸਾਹਿਬ ਜੀ ਉਕਤ ਪੰਡਿਤ ਜੀ ਦੇ ਹੋਰ ਗ੍ਰੰਥਾਂ ਨੂੰ ਭੀ ਛੇਤੀ ਤੋਂ ਛੇਤੀ ਪ੍ਰੈਸ ਦਵਾਰਾ ਪ੍ਰਕਾਸ਼ਿਤ ਕਰਨ ਦੀ ਕ੍ਰਿਪਾਲਤਾ ਕਰਨਗੇ।

ਸਾਧ ਸੰਗਤ ਦਾ ਦਾਸ
ਸੰਤ ਕਰਤਾਰ ਸਿੰਘ
ਖੁੱਡਾ ਨਿਵਾਸੀ, ਹੁਸ਼ਿਆਰਪੁਰ।
ਹਾਲ — ਡੇਰਾ ਅੰਤਰਜਾਮੀ, ਸਾਨ ਗਾਲੀ,
ਚੌਂਕ ਮੋਨੀ, ਅੰਮ੍ਰਿਤਸਰ।

Digitized by Panjab Digital Library | www.panjabdigilib.org

ਛਾਪਕ:-
ਸ: ਰਾਜਿੰਦਰ ਸਿੰਘ ਐਮ ਏ,
ਮੈਨੇਜਰ, ਗੁਰਸਿਖ ਪ੍ਰੈਸ,
ਗੁਰਬਾਣੀ ਬਿਲਡਿੰਗ
ਅੰਮ੍ਰਿਤਸਰ ।

Digitized by Panjab Digital Library | www.panjabdigilib.org

ਸਭ ਹੱਕ ਨਿਰਮਲ ਪੰਚਾਇਤੀ ਅਖਾੜੇ ਦੇ ਰਾਖਵੇਂ ਹਨ।

ੴ ਸਤਿਗੁਰ ਪ੍ਰਸਾਦਿ ॥

- ਪੁਸਤਕ -

ਸ੍ਰੀ ਗੁਰੁ - ਤੀਰਥ ਸੰਗ੍ਰਹਿ

ਰਚਿਤ

ਸ੍ਰੀ ਮਤਿ ਪੰਡਿਤ ਤਾਰਾ ਹਰਿ ਨਰੋਤਮ ਸੁਧੀ

ਸੰਮਤ ਸ੍ਰੀ ਨਾਨਕ ਸ਼ਾਹੀ ੪੧੫, ਸੰਮਤ ਬਿਕ੍ਰਮੀ ੧੯੪੧,
ਸੰਨ ਈਸਵੀ ੧੮੮੪

— ਪ੍ਰਕਾਸ਼ਕ —

ਸ੍ਰੀ ਮਹੰਤ ਸੁੱਚਾ ਸਿੰਘ ਜੀ
ਨਿਰਮਲ ਪੰਚਾਇਤੀ ਅਖਾੜਾ, ਹਰਿਦਵਾਰ (ਕਨਖਲ)

— ਸੰਸ਼ੋਧਕ —

ਸੀ ਮਾਨ ਮਹੰਤ ਕਰਤਾਰ ਸਿੰਘ ਜੀ
ਮੁਖੀਆ ਮਹੰਤ, ਨਿਰਮਲ ਪੰਚਾਇਤੀ ਅਖਾੜਾ,
ਹਰਿਦਵਾਰ (ਕਨਖਲ)
ਹਾਲ ਡੇਰਾ ਅੰਤਰਯਾਮੀਆਂ, ਅੰਮ੍ਰਿਤਸਰ।

ਪਹਿਲੀ ਵੇਰ ੧੮੮੪ ਈਸਵੀ। ਦੂਜੀ ਵੇਰ ੧੯੭੫ ਈਸਵੀ
ਕਾਪੀ ੧੦੦੦

Digitized by Panjab Digital Library | www.panjabdigilib.org

੧ ਓ ਸਤਿਗੁਰ ਪ੍ਰਸਾਦਿ ॥

ਦੋਹਿਰਾ -

ਭਵ ਤਾਰਣ ਕੋ ਤਰਣਿ ਵਰ, ਤਰਣ ਅੰਧ ਤਮ ਹਾਨ ।
ਦਸ ਗੁਰ ਦਸ ਦਿਸ ਦਿਪਤ ਯਸ,ਪਗ ਪੰਕਜ ਨਮ ਠਾਨ॥੧॥
ਗੁਰ ਤੀਰਥ ਸੰਗ੍ਰਹਿ ਸੁਭਗ, ਸਭ ਦੇਸਨ ਤੇ ਭਾਲ ।
ਭਲੋ ਰਟੈ ਜਨ ਰਟਨ ਹਿਤ, ਕਰੋ ਸੁ ਸੁਖਦ ਬਸਾਲ ॥੨॥
ਤੀਰਥ ਸੇਵਾ ਸ੍ਰੀ ਗੁਰੂ, ਮੁਖ ਸੇ ਭਾਖੀ ਆਪ ।
"ਨਾ ਹਰਿ ਭਜਿਓ ਨ ਤੀਰਥ ਸੇਵਿਓ"
ਕੈਸੇ ਹਤਿ ਹੈ ਪਾਪ ॥੩॥
ਤੀਰਥ ਸੇਵਾ ਰੀਤਿ ਸ਼ੁਭ, ਲਿਖੀ ਪੁਰਾਨਨ ਮਾਹਿ ।
ਸਭ ਇੰਦ੍ਰਯ ਬਸ ਚਾਹੀਏ, ਜੋ ਜਨ ਤੀਰਥ ਜਾਹਿ ॥੪॥
ਉਠ ਪ੍ਰਭਾਤ ਗੁਰ ਵਾਕ ਕੋ, ਪੜ੍ਹੁ ਕਰੇ ਸੁ ਗੌਨ ।
ਬਜਰਥ ਬਾਤ ਕੇ ਬਕਨ ਸੇ, ਮੁਖ ਮੈਂ ਰਾਖੈ ਮੌਨ ॥੫॥
ਕਥਾ ਕੀਰਤ ਗੁਰਬਚਨ ਕੇ, ਅਰਥਨ ਚਰਚਾ ਨੀਤ ।
ਕਰੇ ਭਲੀ ਬਿਧਿ ਜਹ ਬਸੈ, ਨਾਮ ਦਾਨ ਸਪ੍ਰੀਤ ॥੬॥
ਦਾਨ ਨ ਲੇਵੈ ਇਸ਼ਟ ਕੋ, ਮੰਤ੍ਰ ਜਪੇ ਚਿਤ ਲਾਇ ।
ਬਾਹਰ ਅੰਦਰ ਇੰਦ੍ਰੀਅਨ, ਜਯ ਮੋ ਰਾਖੇ ਚਾਇ ॥੭॥
ਨਾ ਖਾਵੈ ਮਦ ਮਾਸ ਲੇ, ਬ੍ਰਤ ਰਾਖੇ ਕਰ ਪ੍ਰੇਮ ।
ਬ੍ਰਹਮਚਰਜ, ਭ੍ਰਵ ਸ਼ਜਨ ਕੋ, ਸਦਾ ਕਰੇ ਸ਼ੁਭ ਨੇਮ ॥੮॥
ਕਰੈ ਸਵਾਰੀ ਬੈਲ ਨਹਿ, ਯਾਤ੍ਰਾ ਨਿਸਫਲ ਹੋਇ ।

Digitized by Panjab Digital Library | www.panjabdigilib.org

ਜੋ ਨ ਸਕੇ ਚਲ ਭਗਤ ਜਨ, ਕਰੇ ਸਵਾਰੀ ਸੋਇ ॥੯॥
ਤੀਰਥ ਮੋ ਵਸ ਪਾਪ ਕੀ, ਨੀਤ ਨ ਰਾਖੇ ਰੰਚ।
ਪਨ ਠੱਗੀ ਕਪਟਾਦਿ ਲੌ, ਕਰੇ ਨ ਰੰਚ ਪ੍ਰਪੰਚ ॥੧੦॥
ਅਉਰ ਥਾਨ ਕੇ ਪਾਪ ਕੀ, ਤੀਰਥ ਮੋ ਹੁਇ ਨਾਸ।
ਤੀਰਥ ਬਸ ਕਿਯ ਪਾਪ ਕਾ,ਕਤਹੂੰ ਨਾਹਿ ਬਿਨਾਸ ॥੧੧॥
ਯਾਹੀ ਤੇ ਗੁਰਦਾਸ ਕੇ, ਬਚ ਮੱਾਂ ਲਿਖਿਓ ਪ੍ਰਸੰਗ।
ਬੱਜ੍ਰ ਪਾਪ ਨਾ ਉਤਰਨੀ, ਜੋ ਜਾ ਕੀਚੇ ਗੰਗ ॥੧੨॥
ਯਾਤੇ ਮਾਤਾ ਬਹਿਨ ਮੱਾਂ, ਜਿਉ ਸ਼ੁਭ ਦ੍ਰਿਸ਼ਟੀ ਸੁੱਧ।
ਰਾਖੇ ਰਖਣੀ ਚਾਹੀਏ, ਤੀਰਥ ਮੋ ਤਸ ਬੁੱਧ ॥੧੩॥

ਤੀਰਥ ਗੁਰੂ, ਰਿਖੀ ਲੋਗੋਂ ਕੇ ਸੇਵਨ ਕਰੇ ਜਲ ਕਾ, ਅਵਤਾਰੋਂ ਕੇ ਜਨਮ ਆਦਿ ਸਥਾਨੋਂ ਕਾ ਨਾਮ ਹੈ। ਯਾਤੇ ਨਿਜ ਮਤ ਸਭ ਲੋਗ ਜਾਣ ਲੇਵੇਂ।

ਸਥਾਨੋਂ ਕਾ ਵੇਰਵਾ

ਗੁਰੂ ਨਾਨਕ ਸਾਹਿਬ ਜੀ ਸੇ ਲੇਕਰ ਗੁਰੂ ਗੋਬਿੰਦ ਸਿੰਘ ਜੀ ਪ੍ਰਯੰਤ ਦਸ ਗੁਰੋਂ ਨੇ ਜਹਾਂ ਜਹਾਂ ਜਨਮ ਧਾਰੇ ਹੈਂ, ਜਹਾਂ ਜਹਾਂ ਸਿੰਘਾਸਨੋ ਪੈ ਭਾਵ ਗਰਿਆਈ ਕੇ ਤਖਤੋਂ ਪਰ ਬੈਠੇ ਹੈਂ, ਜਹਾਂ ਜਹਾਂ ਔਰ ਕੋਈ ਬਿਵਾਹ ਆਦਿ ਕੀਏ ਹੈਂ, ਜਹਾਂ ਜਹਾਂ ਉਪਦੇਸ਼, ਬਰ, ਸ੍ਰਾਪ, ਯੁਧਾਦਿ ਕ੍ਰਿਤ ਸੇ ਭੂਮੀ ਪਾਵਨ ਕਰੀ ਹੈ ਔਰ ਦੇਹ ਤਿਆਗ ਜੋਤੀ ਜੋਤ ਸਮਾਏ ਹੈਂ, ਉਨ ਸਥਾਨੋਂ ਮੇ ਕਹੀਂ ਕਹੀਂ ਮੰਦਰ, ਕੂਪ, ਬਾਵਲੀ ਆਦਿਕੋਂ

Digitized by Panjab Digital Library | www.panjabdigilib.org

ਕੀ ਰਚਨਾ ਜਗਤ ਕੀ ਕਲਿਆਣ ਹੇਤ ਗੁਰੋਂ ਨੇ ਆਪ ਕਰਾਈ ਹੈ ਔਰ ਸਥਾਨੋ ਮੇਂ ਸਿਖੋਂ ਨੇ ਕਰਵਾਈ ਹੈ। ਨਾਮ ਗੁਰ ਮੰਦਰੋਂ ਕਾ 'ਗੁਰਦੁਆਰੇ' ਹੈ, ਨਾਮ ਤਲਾਬੋਂ ਕਾ 'ਸਰ' ਹੈ। ਜੈਸੇ ਅੰਮ੍ਰਿਤਸਰ, ਸੰਤੋਖਸਰ, ਰਾਮ ਸਰ, ਬਿਬੇਕ ਸਰ ਹੈ। ਨਾਮ ਕੂਓਂ ਕੇ ਗੁਰੂ ਕੇ ਕੂੰਏ ਹੈਂ ਜੈਸੇ ਗੁਰੂ ਕਾ ਗੰਗਸਰ ਕੂੰਆਂ। ਛੇਹਰਟਾ ਕੂੰਆਂ, ਅਕਾਲਸਰ ਕੂੰਆਂ। ਨਾਮ ਬਾਉਲੀਓਂ ਕਾ ਗੁਰੂ ਕੀ ਬਾਉਲੀਆਂ ਹੈਂ। ਜੈਸੇ ਗੋਇੰਦਵਾਲ ਕੀ ਬਾਉਲੀ, ਜਗੰਨਾਥ ਕੀ ਬਾਉਲੀ।

ਤੀਰਥ ਯਾਤ੍ਰਾ ਕਾ ਲਾਭ

ਇਨ ਤੀਰਥੋਂ ਕੀ ਯਾਤ੍ਰਾ ਸਕਾਮੀ ਪੁਰਖੋਂ ਕੋ ਧਰਮ, ਅਰਥ, ਕਾਮ ਪਦਾਰਥ ਦੇਤੀ ਹੈ। ਕਾਮਨਾ ਹੀਨੋਂ ਕੋ ਮੁਕਤੀ ਦੇਤੀ ਹੈ। ਯਾਹੀ ਭਾਵ ਸੇ ਤੀਰਥ ਯਾਤ੍ਰਾ ਗਿਆਨ ਕੀ ਪਹਿਲੀ ਭੂਮਕਾ ਕਹੀ ਹੈ। ਤੀਰਥ ਮੇ ਜਾਕਰ ਕਬੀ ਕਿਸੀ ਕੋ ਨਾਂ ਦੇਨੇ ਵਾਲਾ ਭੀ ਦੇਖਾ ਦੇਖੀ ਕੁਛ ਦੇਤਾ ਹੈ ਅਰ ਤੀਰਥ ਯਾਤ੍ਰਾ ਕਰ ਬਿਦੇਸ਼ ਗਮਨ ਕੇ ਦੁਖ ਦੇਖ ਆਏ ਬਦੇਸ਼ੀ ਕਾ ਆਦਰ ਕਰਤਾ ਹੈ। ਤੀਰਥ ਮੋ ਅਨੇਕ ਉੱਤਮ ਲੋਕੋਂ ਕਾ ਦਰਸ਼ਨ ਹੋਤਾ ਹੈ, ਜਿਨ ਕਾ ਦਰਸ਼ਨ ਮੁਕਤੀ ਕਾ ਸਾਧਨ ਹੈ। ਯਾਹੀ ਭਾਵ ਸੇ ਕਹਾਵਤ ਹੈ –

'ਉਠ ਫਰੀਦਾ ਗਮਨ ਕਰ, ਦੁਨੀਆਂ ਦੇਖਣ ਜਾਉ।
ਮਤ ਕੋਈ ਬਖਸ਼ਿਆ ਮੈਂ ਮਿਲੈ, ਮੈਂ ਭੀ ਬਖਸ਼ਿਆ ਜਾਉ।'

Digitized by Panjab Digital Library | www.panjabdigilib.org

ਤੀਰਥ ਯਾਤ੍ਰਾ ਕਰ ਠੱਗ਼ ਚੋਰ ਸੇ ਬਸਤ ਬਚਾਵਨੇ ਕੀ ਬੁੱਧੀ ਹੋਤੀ ਹੈ। ਨਾਨ੍ਹਾ ਤਰਾਂ ਕੀ ਭੂਮੀ, ਬ੍ਰਿਛ, ਨਦੀ, ਨਾਲੇ, ਪਰਬਤ, ਪੁਲ ਦੇਖ ਚਿੱਤ ਪ੍ਰਸੰਨ ਹੋਤਾ ਹੈ। ਐਸੇ ਔਰ ਭੀ ਅਨੇਕ ਤਰ੍ਹਾਂ ਕੇ ਲਾਭ ਹੋਤੇ ਹੈਂ।

ਪੁਸਤਕ ਕੇ ਸੰਕੇਤ

ਤੀਰਥੋਂ ਮੇ ਭੀ ਮੁਖ ਤੀਰਥ **ਨਿਜ ਇਸ਼ਟ** ਕੇ ਸਥਾਨ ਹੋਤੇ ਹੈਂ ਯਾਂਤੇ ਇਸ਼ਟ ਕੇ ਤੀਰਥੋਂ ਮੇਂ ਜੋ ਪੁਰਖ ਯਾਤ੍ਰਾ ਕਰਣੀ ਚਾਹੇ ਉਨਕੋ ਸੁਗਮਤਾ ਸੇ ਗੁਰ ਤੀਰਥੋਂ ਕੇ ਜਾਨਣੇ ਵਾਸਤੇ ਜਿਸ ਅੰਗ੍ਰੇਜ਼ੀ ਜ਼ਿਲੇ ਵਾ ਰਾਜਸੀ ਕੇ ਪ੍ਰਸਿਧ ਸ਼ਹਿਰ ਵਾ ਗ੍ਰਾਮ ਮੇ ਹੈ ਵੋਹ ਸ਼ਹਿਰ ਔਰ ਗ੍ਰਾਮ ਉਸ ਸ਼ਹਿਰ ਗ੍ਰਾਮ ਸੇ ਜਿਸ ਦਿਸ਼ਾ ਕੋਣ ਮੇ ਹੈ ਅਰ ਜੇਤੇ ਕੋਸ ਹੈ ਵੁਹ ਦਿਸ਼ਾ ਕੋਣ, ਕੋਸ ਪਹਿਲਾ(੧) ਥਾਨ ਮੇਂ ਲਿਖੇਂਗੇ।

ਜਹਾਂ ਏਕ ਸ਼ਹਿਰ ਗ੍ਰਾਮ ਮੇ ਹੀ ਏਕ ਗੁਰੂ ਕੇ ਬਹੁਤ ਹੋਵੇਂਗੇ ਤਹਾਂ ਏਕ ਥਾਨ ਮੇਂ ਸ਼ਹਿਰ ਕਾ ਯਾ ਗ੍ਰਾਮ ਕਾ ਨਾਮ ਔਰ ਥਾਨੋਂ ਮੇਂ **ਬਿੰਦੀ** ਹੋਵੇਗੀ ਔਰ ਐਸੇ ਹੀ ਜਹਾਂ ਪਜਾਰੀ ਜ਼ਿਲਾ ਏਕ ਹੋਗਾ ਤਹਾਂ ਭੀ ਬਿੰਦੀ ਹੋਗੀ।

ਆਗਾ ਪੀਛਾ ਗੁਰਦੁਆਰੇ ਬਣਨੇ ਕਾ ਸੰਬਤੋਂ ਸੇ ਤੁਥਾ ਸੂਰਜ ਪ੍ਰਕਾਸ਼ ਕੀ ਕਥਾ ਸੇ ਪੁਨਾ ਗੁਰਦੁਆਰੀ ਲੋਗੋਂ ਸੇ ਜੋ ਜਾਨਾ ਸੋ ਲਿਖਾ ਜਾਵੇਗਾ।

ਪ੍ਰਸਿੱਧ ਨਗਰ ਵਾਸੀ ਭੀ ਦੂਰ ਦੂਰ ਦੇਸ ਕੇ ਛੋਟੇ ਗ੍ਰਾਮ

Digitized by Panjab Digital Library | www.panjabdigilib.org

ਕਾ ਪਤਾ ਯਾਤ੍ਰਾ ਵਾਲੇ ਕੋ ਬਤਾ ਨਹੀਂ ਸਕਤੇ,ਇਸ ਲੀਏ ਕਹੀਂ ਕਹੀਂ ਪ੍ਰਸਿੱਧ ਨਗਰ ਸੇ ਆਗੇ ਗੁਰਦ੍ਵਾਰੇ ਵਾਲੇ ਗ੍ਰਾਮ ਸੇ ਹੀ ਅਗਲੇ ਗੁਰਦ੍ਵਾਰੇ ਵਾਲੇ ਗ੍ਰਾਮ ਕੇ ਕੋਸ, ਦਿਸ਼ਾ ਭੀ ਪਹਿਲੇ ਥਾਨ ਮੇਂ ਲਿਖੇ ਜਾਵੇਂਗੇ ਅਰ ਗੁਰਦ੍ਵਾਰੇ ਕਾ ਨਾਮ, ਮੇਲੇ ਕਾ ਸਮਾ ਦੂਸਰੇ ਮੇ ਲਿਖਾ ਜਾਵੇਗਾ।

ਜੋ ਉਹਾਂ ਸਾਹਿਬਜ਼ਾਦਾ, ਉਦਾਸੀ, ਨਿਰਮਲਾ,ਨਿਹੰਗ, ਸੁਥਰਾ, ਦਿਵਾਨਾ ਯਾ ਔਰ ਕੋਈ ਪੁਜਾਰੀ ਹੋਗਾ ਸੋ ਤੀਸਰੇ ਥਾਨ ਮੇਂ ਲਿਖਾ ਜਾਵੇਗਾ।

ਔਰ ਜੋ ਉਹਾਂ ਗੁਰੂ ਸਥਾਨ ਬਣਨੇ ਕਾ, ਜਨਮ ਆਦਿ ਲੇਨੇ ਕਾ ਕਾਰਨ ਹੈਂ ਅਰ ਜੋ ਤਹਾਂ ਗੁਰੂ ਜੀ ਗ੍ਰੰਥ ਸਾਹਿਬ, ਪੋਥੀ, ਮਾਲਾ, ਬਸਤਰ, ਸ਼ਸਤਰ, ਹੁਕਮਨਾਮਾ, ਆਸੇ, ਜੋੜੇ ਆਦਿਕ ਵਸਤੂ ਹੈਂ,ਅਰ ਜੋ ਕਿਛ ਜਿਸ ਗੁਰਦ੍ਵਾਰੇ ਕੇ ਦਰਸ਼ਨ ਕਾ ਫਲ ਹੈ ਤਥਾ ਜੋ ਕੁਛ ਉਹਾਂ ਯੁੱਧ, ਵਰ, ਸਰਾਪ, ਬਚਨ ਬਿਲਾਸ ਹੁਏ ਯੇਹ ਸਭ ਚੱਜੇ ਬ੍ਰਿਤਾਂਤ ਕੇ ਥਾਨ ਮੇਂ ਲਿਖੇ ਜਾਵੇਂਗੇ।

ਸੇਵਾ ਕਾ ਫਲ

ਕਾਰਨ ਔਰ ਫਲ ਸਭ ਕੇ ਏਕ ਥਾਨ ਮੇਂ ਹੀ ਲਿਖ ਦੇਤੇ ਹੈਂ ਸੋਈ ਸਰਬੱਤ੍ਰ ਸਮਝ ਲੇਨੇ। ਜੈਸੇ :-

ਜੋ ਗੁਰੋਂ ਕੇ ਜਨਨੀ ਕੇ ਉਦਰ ਮੇਂ ਪ੍ਰਕਾਸ਼ ਲੇਨੇ ਕੇ ਗਰਭਾਸਥਾਨ ਹੈਂ ਜੈਸਾ ਪ੍ਰਾਗਰਾਜ ਕਾ ਗੁਰਦ੍ਵਾਰਾ ਹੈ ਜਹਾਂ

Digitized by Panjab Digital Library | www.panjabdigilib.org

ਗੁਰੂ ਸਾਹਿਬ ਲਿਖਤੇ ਹੈਂ –

"ਤਹੀਂ ਪ੍ਰਕਾਸ਼ ਹਮਾਰਾ ਭਯੋ" ਤਿਨ ਕੀ ਸੇਵਾ ਸੇ ਸ੍ਰੇਸ਼ਟ ਪੁੱਤ੍ਰ ਕਾ ਲਾਭ ਹੋਣਾ ਫਲ ਹੈ।

ਜਹਾਂ ਗੁਰੋਂ ਕੇ ਬਿਵਾਹ ਆਦਿਕ ਹੁਏ ਹੈਂ ਤਹਾਂ ਕੀ ਸੇਵਾ ਕਾ ਬਿਵਾਹ ਆਦਿ ਮੰਗਲ ਹੋਣਾ ਫਲ ਹੈ।

ਜਹਾਂ ਤਖਤੋਂ ਪੈ ਬਿਰਾਜੇ ਹੈਂਤਹਾਂ ਕੀ ਸੇਵਾ ਕਾ ਉੱਤਮ ਦਰਜਾ ਮਿਲਣਾ ਫਲ ਹੈ।

ਜਹਾਂ ਉਪਦੇਸ਼ ਕੀਏ ਉਨ ਸਥਾਨੋਂ ਕੀ ਸੇਵਾ ਕਾ ਉੱਤਮ ਉਪਦੇਸ਼ ਕਾ ਲਾਭ ਹੋਣਾ ਫਲ ਹੈ। ਵਿਚਾਰਵਾਨ ਯਾਤ੍ਰੂ ਭੀ ਊਹਾਂ ਪਹੁੰਚ ਉਸੀ ਉਪਦੇਸ਼ ਕੋ ਯਾਦ ਕਰੇ।

ਜਿਨ ਮਕਾਨੋਂ ਮੇਂ ਥੋਹੜੀ ਦੇਰ ਠਹਿਰ ਕਰ ਅਰਾਮ ਕੀਆ ਹੈ, ਉਨ ਕੀ ਸੇਵਾ ਕਾ ਚਿੱਤ ਕੀ ਪ੍ਰਸੰਨਤਾ ਫਲ ਹੈ।

ਜਿਨ ਸਥਾਨੋਂ ਕੇ ਫਲ ਗੁਰੋਂ ਨੇ ਆਪ ਕਹੇ ਹੈਂ, ਉਨ ਕੇ ਵਹੀ ਫਲ ਹੈਂ ਜੈਸੇ ਬਾਉਲੀ ਸਾਹਿਬ ਕੇ ਇਸ਼ਨਾਨ ਕਾ ਚਉਰਾਸੀ ਕੇ ਨਾਸ ਹੋਣਾ ਫਲ ਹੈ। ਗੁਰੂ ਅਮਰਦਾਸ ਜੀ ਨੇ ਅਮ੍ਰਿਤਸਰ ਇਸ਼ਨਾਨ ਕਾ ਫਲ ਕਹਿਆ ਹੈ –

'ਹਰਿਹਾਂ ਨਾਨਕ ਕਸਮਲ ਜਾਹਿ
ਨਾਇਐ ਰਾਮ ਦਾਸ ਸਰ ॥'

ਤਥਾ - ਰਾਮ ਦਾਸ ਸਰੋਵਰ ਨਾਤੇ ॥ ਸਭ ਉਤਰੇ ਪਾਪ ਕਮਾਤੇ ॥
ਸੰਤਹੁ ਰਾਮਦਾਸ ਸਰੋਵਰ ਨੀਕਾ।
ਜੋ ਨਾਵੈ ਸੋ ਕੁਲੁ ਤਰਾਵੈ ਉਧਾਰੁ ਹੋਆ ਹੈ ਜੀ ਕਾ।

Digitized by Panjab Digital Library | www.panjabdigilib.org

"ਨਿਤ ਉਠ ਮਜਨ ਰਾਮ ਸਰ ਕੀਜੈ।"

ਇਤਿਆਦੀ ਬਚਨੋਂ ਸੇ ਨਿਖਲ ਪਾਪੋਂ ਕਾ ਨਾਸ ਹੋਣਾ, ਔਰ ਕੁਲ ਕਾ ਤਰਾਵਣਾ ਆਦਿ ਫਲ ਲਿਖੇ ਹੈਂ, ਸੋਈ ਫਲ ਹੈ।

ਜਹਾਂ ਦੁਸ਼ਟ ਜੀਵ ਮੰਦ ਜੂਨੋ ਸੇ ਛੁਡਾਏ ਹੈਂ, ਤਹਾਂ ਕੀ ਸੇਵਾ ਸੇ ਦੋਖੋਂ ਕਾ ਨਾਸ ਹੋਣਾ ਫਲ ਹੈ।

ਜਹਾਂ ਜੋਤੀ ਜੋਤ ਸਮਾਏ ਹੈਂ ਤਹਾਂ ਕੀ ਸੇਵਾ ਕਾ ਅਪਨੀ ਮ੍ਰਿਤੂ ਕੋ ਯਾਦ ਰਖਨੇ ਕਾ ਫਲ ਹੈ ਜਿਸ ਕਰ ਪੁਰਖ ਸੇ ਕੋਈ ਪਾਪ ਹੀ ਨਾਂ ਹੋ ਸਕੇ। ਅਰ ਗੁਰੂ ਜੀ ਕਾ ਪਰਮ ਪ੍ਰੇਮ ਭੀ ਅਪਨੇ ਸੇਵਕੋਂ ਸੇ ਨਿਖਲ ਪਾਪ ਛੁਡਾਇ ਸੁੱਧ ਮਨ ਸੇ ਭਗਤੀ ਕਰਾਵਨੇ ਮੇਂ ਹੈ। ਇਸੀ ਵਾਸਤੇ ਗ੍ਰੰਥ ਸਾਹਿਬ ਕੇ ਅੰਤ ਮੇਂ ਨੌਵੀ ਪਾਤਿਸ਼ਾਹੀ ਕੇ ਸਲੋਕ ਰੱਖੇ ਹੈਂ। ਜਿਨ ਕੀ ਸਮਾਪਤੀ ਸਮੀਪ ਉਪਦੇਸ਼ ਹੈ :—

"ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜ ਕੇ ਕਾਲ ॥
ਨਾਨਕ ਹਰਿ ਗੁਨ ਗਾਇ ਲੈ ਛਾਡਿ ਸਗਲ ਜੰਜਾਲ ॥

ਐਸੇ ਸਰਬ ਥਾਨੋਂ ਕੀ ਸੇਵਾ ਕੋ ਫਲ ਏਕ ਥਾਨ ਮੇ ਹੀ ਕਹੇ ਜਾਨ ਲੇਨੇ।

ਗੁਰਦੁਆਰੇ ਬਣਨ ਦੇ ਕਾਰਨ

ਕਾਰਨ ਭੀ ਗੁਰਦੁਆਰੇ ਬਣਨੇ ਕੇ ਏਕ ਥਾਨ ਮੇਂ ਹੀ ਬਤਾਏ ਜਾਤੇ ਹੈਂ। ਸੰਖੇਪ ਸੇ ਏਕ ਥਾਨ ਮੇ ਹੀ ਲਿਖੇ ਬਿਸਥਾਰ ਸੇ ਆਗੇ ਜਾਨ ਲੇਨੇ। ਸੋ ਕਾਰਨ ਕਹੀਂ ਗੁਰੋਂ ਕੇ ਜਨਮ ਹੈਂ

Digitized by Panjab Digital Library | www.panjabdigilib.org

ਜੈਸੇ ਨਨਕਾਣਾ ਗੁਰੁ ਨਾਨਕ ਜੀ ਕਾ ਜਨਮ ਸਥਾਨ ਹੈ। ਪਟਨਾ ਗੁਰੂ ਸਾਹਿਬ ਦਸਮ ਕਾ ਜਨਮ ਸਥਾਨ ਹੈ। ਕਹੀਂ ਲੀਲ੍ਹਾ ਹੈ ਜੈਸੇ ਨਨਕਾਣੇ ਮੇਂ ਨਾਨਕ ਸਰ ਇਸ਼ਨਾਨ ਲੀਲ੍ਹਾ ਕਾ ਸਥਾਨ ਹੈ। ਪਟਣੇ ਮੇਂ ਮੈਣੀ ਸੰਗਤ ਬਾਲ ਲੀਲ੍ਹਾ ਕਾ ਸਥਾਨ ਹੈ। ਕਹੀਂ ਕਹੀਂ ਸਥਾਨ ਆਪਣੀ ਸ਼ਕਤੀ ਕਾ ਦਿਖਾਵਨਾ ਹੈ ਜੈਸੇ ਨਨਕਾਣੇ ਮੇ 'ਕਿਆਰਾ ਸਾਹਿਬ' ਜਹਾਂ ਮਹਖੀਓਂ (ਗਊਆਂ ਮੱਝਾਂ) ਕਾ ਖਾਇਆ ਖੇਤ ਹਰਾ ਕੀਆ ਹੈ। ਕਹੀਂ ਤਪ ਕਰਨਾ ਹੈ ਜੈਸੇ ਰਾਵੀ ਕਿਨਾਰੇ ਕਰਤਾਰ ਪੁਰ ਮੇਂ ਰੋੜਾਂ ਕਾ ਬਿਸਤਰ ਕਰ ਤਪ ਕੀਆ। ਕਹੀਂ 'ਬਿਵਾਹ' ਹੈ ਜੈਸੇ ਬਟਾਲੇ ਮੇ ਗੁਰੂ ਨਾਨਕ ਜੀ ਕਾ ਬਿਵਾਹ ਥਾਨ ਹੈ। ਕਹੀਂ 'ਗੋਸ਼ਟ' ਹੈ ਜੈਸੇ ਅਚਲ ਮੇਂ ਸਿੱਧਾਂ ਸਾਥ ਗੋਸ਼ਟ ਹੁਈ। ਐਸੇ ਔਰ ਭੀ ਕਾਰਨ ਹੈਂ ਸੋ ਸਭ ਤੀਸਰੇ ਬ੍ਰਿਤਾਂਤ ਕੇ ਥਾਨ ਮੇਂ ਜਾਨ ਲੇਨੇ, ਉਹਾਂ ਲਿਖੇ ਜਾਵੇਂਗੇ।

ਗੁਰ ਸਥਾਨਾਂ ਦੇ ਇਲਾਕੇ

ਜੱਦਪਿ ਜਿਸ ਅਹਾਤੇ ਮੇਂ ਗੁਰਦੁਆਰਾ ਹੈ, ਵੋਹ ਅਹਾਤਾ ਔਰ ਉਸ ਅਹਾਤੇ ਕੇ ਜ਼ਿਲੇ ਮੇਂ ਤਹਿਸੀਲ, ਥਾਨਾ, ਰੇਲ ਕੇ ਸਟੇਸ਼ਨ ਆਦਿਕ ਭੀ ਸੁਗਮਤਾ ਹੇਤ ਲਿਖਨੇ ਯੋਗਜ ਹੈਂ ਤੋ ਭੀ ਬਹੁਤ ਕਰ ਗੁਰੂ ਥਾਨ ਬੰਗਾਲ, ਪੰਜਾਬ ਮੇ ਹੀ ਹੈਂ।

ਮੰਦਰਾਜ ਅਹਾਤੇ ਮੇ ਏਕ 'ਤਿਲ ਰੰਜੀ' ਗੁਰਦੁਆਰਾ ਪ੍ਰਸਿੱਧ ਹੈ। ਬੰਬਈ ਅਹਾਤੇ ਮੇ ਬਿਦਰ ਸ਼ਹਿਰ ਮੇ 'ਨਾਨਕ

Digitized by Panjab Digital Library | www.panjabdigilib.org

ਝੇਰਾ' – ਨਾਦੇੜ ਮੇ 'ਅਬਚਲ ਨਗਰ' ਜੀ ਮੇ ਲੇ ਪੰਜ ਮਕਾਨ, ਬੁਰਹਾਨ ਪੁਰ ਮੇ ਤਖਤ ਸਾਹਿਬ ਗੁਰੂ ਜੀ ਕਾ, ਔਰ ਹਰੀ ਸਿੰਘ ਕੇ ਬੜੋਚ ਮੇ ਗਰਦਆਰਾ 'ਗਿਰਨਾਰ' ਮੇ 'ਚਰਨ ਪਾਦਕਾ' ਏਤੇ ਹੀ ਪ੍ਰਸਿੱਧ ਹੈ।

ਦਿਹਲੀ ਮੇ ਪੱਛਮ ਕਰਾਚੀ, ਕਾਬਲ, ਕਸ਼ਮੀਰ ਤੱਕ ਪੰਜਾਬ ਮੇਂ ਜਾਨ ਲੇਨੇ। ਦਿਹਲੀ ਸੇ ਪੂਰਬ ਕਮਖਜਾ ਸੇ ਜਗੰਨਾਥ ਤੱਕ ਪ੍ਰਸਿੱਧ ਹੈਂ ਸੋ ਬੰਗਾਲ ਮੇ ਜਾਨ ਲੇਨੇ। ਇਸ ਲੀਏ ਅਹਾਤਾ ਲਿਖਨੇ ਕੀ ਆਵਸ਼ਕਤਾ ਨਹੀਂ। ਕੇਵਲ ਅੰਗ੍ਰੇਜ਼ੀ ਜ਼ਿਲੇ, ਤਹਿਸੀਲ ਵਾ ਰਾਜਸੀਓਂ ਕੇ ਪ੍ਰਸਿੱਧ ਨਗਰੋਂ ਸੇ ਹੀ ਪਤਾ ਸਮਝਨਾ ਚਾਹੀਏ। ਯੇਹ ਬਾਤ ਇਸ ਕੋ ਦੇਖਨੇ ਵਾਲੇ ਯਾਦ ਰੱਖੇਂ।

ਗੁਰਦੁਆਰੇ ਭੀ ਈਹਾਂ ਜਹਾਂ ਗੁਰੂ ਜੀ ਗਏ ਯਾ ਉਨ ਕੇ ਜਾਨੇ ਕਾ ਸੰਭਵ ਹੈ ਵਹੀ ਲਿਖੇ ਜਾਵੇਂਗੇ। ਜੋ ਆਜੀਵਕਾਰਥੀਓਂ (ਰੋਜ਼ੀ ਕਮਾਉਣ ਵਾਲੋਂ) ਨੇ ਅਬ ਯਾ ਪੀਛੇ ਪ੍ਰਗਟ ਕੀਏ ਹੈਂ ਸੋ ਨਹੀਂ ਲਿਖੇਂਗੇ। ਜੈਸੇ ਨਾਭੇ ਕੇ ਸਮੀਪ 'ਬਾਉੜਹਾ' ਔਰ ਪਟਿਆਲੇ ਸੇ ਪਛਮ ਬੀਰ ਸਿੰਘ ਜੇਜੀ ਕੀ ਛੰਨਾ ਪਾਸ ਸਿਆਲ ਗਾਉਂ ਮੇ 'ਇੱਟ ਸਾਹਿਬ' ਹੈ।

ਜੋ ਧਰਮ ਜੁਧ ਮੇਂ ਗੁਰੂ ਕੇ ਸਿਖ ਸੂਰਬੀਰ ਜੂਝੇ ਹੈਂ, ਤਿਨ ਕੇ ਸਮਾਧੋਂ ਕੇ ਥਾਨ 'ਸ਼ਹੀਦ ਗੰਜ' ਭੀ ਲਿਖੇ ਜਾਵੇਂਗੇ। ਵੋਹ ਭੀ ਜੈਸੇ ਸੂਰਬੀਰ ਪਾਂਡਵੋਂ ਕੇ ਥਾਨ ਤੀਰਥ ਕਹਾਤੇ ਹੈਂ, ਵੈਸੇ ਤੀਰਥ ਹੈਂ ਅਰ ਜੋ ਬੁੱਢਾ ਜੀ ਜੈਸੇ ਸਮੀਪੀ ਸੇਵਕ ਹੈਂ

Digitized by Panjab Digital Library | www.panjabdigilib.org

ਤਿਨ ਕੇ ਥਾਨ ਭੀ ਲਿਖੇ ਜਾਵੇਂਗੇ ।

ਵਾਸਤਵ ਸੇ ਜੈਸੇ ਜਹਾਂ ਸਾਲਗ੍ਰਾਮ ਨਰਬਦੇਸੁਰ ਥਾਪਨ ਕੀਏ ਜਾਤੇ ਹੈਂ ਤਹਾਂ ਸ਼ਿਵਾਲਯ, ਠਾਕੁਰਦੁਆਰੇ ਵਤ ਜਹਾਂ ਗ੍ਰੰਥਸਾਹਿਬ ਥਾਪਨ ਕੀਏ ਜਾਵੇਂ ਵਹੁ ਸਭੀ ਧਰਮ ਸਾਲਾ ਗੁਰਦੁਆਰੇ ਹੈਂ । ਇਸ ਮੋਂ ਯੇਹ ਨਮਿਤ ਹੈ ਗ੍ਰੰਥ ਸਾਹਿਬ ਪ੍ਰਗਟ ਗੁਰੋਂ ਕੀ ਦੇਹ (ਕਾ ਉਪਦੇਸ਼) ਹੈ, ਯਾਂਤੇ ਜਹਾਂ ਗੁਰੂ ਕੀ ਦੇਹ ਰਹੇ, ਤਹਾਂ ਹੀ ਗੁਰਦੁਆਰਾ ਹੈ ਪ੍ਰੰਤੂ ਸੋ ਸਭ ਲਿਖੇ ਨਹੀਂ ਜਾਤੇ, ਯਾਂਤੇ ਬਿਦਜਮਾਨ ਦਸ਼ਾ ਮੈਂ ਜਹਾਂ ਆਪ ਬਿਰਾਜੇ ਹੈਂ ਸੋ ਲਿਖੇ ਜਾਵੇਂ ਗੇ। ਜੋ ਆਗੇ ਕੋ ਪ੍ਰਸਿੱਧ ਹੋਵੇਂਗੇ, ਉਨ ਕੋ ਕੋਈ ਗੁਰੂ ਤੀਰਥ ਵੇਤਾ ਸਾਥ ਮਿਲਾ ਲੇਵੇਗਾ।

ਚਾਹੀਏ ਤੋ ਗੁਰੂ ਸਥਾਨ ਸਰਬਤ੍ਰ ਜੈਸੇ ਆਗੇ ਰਿਖੀ, ਅਵਤਾਰੋਂ ਕੇ ਥਾਨ ਸਰਬ ਦਿਸ਼ਾਨ ਮੋਂ ਭੁਗਤ ਲੋਗੋਂ ਨੇ ਬਨਾਏ ਹੁਏ ਹੈਂ, ਯਾਹੀ ਤੇ ਜਹਾਂ ਨਹੀਂ ਗਏ ਤਹਾਂ ਭੀ ਕਾਂਗੜੇ ਜੈਸੇ ਥਾਨੋ ਮੈਂ ਸੀਤਾ ਕੁੰਡ, ਰਾਮ ਕੁੰਡ, ਭੀਮ ਗੁਫਾ ਇਤਿਆਦਿ ਨਾਮ ਸੁਨੇ ਜਾਤੇ ਹੈਂ।

ਕਹੀਂ ਕਹੀਂ ਗੁਰਸਥਾਨੋ ਕੇ ਨਾਮੋ ਕੇ ਅਰਥ ਭੀ ਲਿਖੇ ਜਾਵੇਂਗੇ ਜੈਸੇ ਸਭ ਸੇ ਪਹਿਲੇ ਨਨਕਾਣਾ ਸਾਹਿਬ ਹੈ ਇਸ ਨਾਮ ਮੇ ਨਾਨਕ ਗੁਰੂ ਜੀ ਕਾ ਨਾਮ ਹੈ ਆਣ ਤਿਨਕੇ ਐਨ ਕਾ ਭਾਵ ਘਰ ਕਾ ਨਾਮ ਹੈ। 'ਅਜਨ' ਸੇ ਬਿਗੜ ਕੇ ਬਨਾ ਜਾਣ ਪੜਤਾ ਹੈ। ਸੋ ਥਾਨ ਕਹੀਂ 'ਜਨਮ ਸਥਾਨ' ਹੈ। ਜੈਸੇ 'ਤਲਵੰਡੀ ਰਾਇ ਭੋਇ ਕੀ' ਕਹੀਂ ਔਰ ਹੈ, ਜੈਸੇ ਆਗੇ ਗ੍ਰਾਮ

Digitized by Panjab Digital Library | www.panjabdigilib.org

ਮੋਂ ਤਥਾ ਸੰਗਰੂਰੋਂ ਕੇ ਸਮੀਪ।

'ਸਾਹਿਬ' ਪਦ ਅਦਬ ਕੇ ਵਾਸਤੇ ਸਭ ਗੁਰਦੁਆਰੋਂ ਕੇ ਪੀਛੇ ਕਹਿਆ ਜਾਤਾ ਹੈ, ਸੋ ਫਾਰਸੀ ਕੀ ਰੀਤਿ ਸੇ ਹੈ। ਹਿੰਦੀ ਮੋਂ ਸਤਿਕਾਰ ਹੇਤ 'ਜੀ' ਪਦ ਹੈ। ਜੈਸੇ — ਜੁਵਾਲਾ ਜੀ, ਕਾਂਸ਼ੀ ਜੀ, ਅਮ੍ਰਿਤਸਰ ਜੀ, ਤਰਨ ਤਾਰਨ ਜੀ। ਵਾਸਤਵ ਸੇ ਜੇਤਾ ਬਨ ਪੜੇ ਬੋਲਨੇ ਮੇ ਸਿਵਾਇ ਗੁਰੂ ਬਾਣੀ ਮੇ ਲਿਖੇ ਪਦੋਂ ਸੇ ਫਾਰਸੀ ਪਦੋਂ ਕਾ ਬੋਲਨੇ ਮੇ ਤਿਆਗ ਚਾਹੀਏ। ਆਦਿ ਗੁਰੂ ਜੀ ਨੇ 'ਖੜ੍ਹੀਆ ਤ ਧਰਮ ਛੋਡਿਆ ਮਲੇਛ ਭਾਖਿਆ ਗਹੀ' ਕਹਿਨੇ ਸੇ ਧਰਮਸਥਾਨੋਂ ਮੇਂ ਧਰਮਕਾਮੋਂ ਮੇਂ ਬੋਲਣ ਕਾ ਤਿਆਗ ਸੂਚਨ ਕੀਆ ਹੈ, ਯਾਂਤੇ ਥੋੜ੍ਹਾ ਬੋਲਣਾ ਚਾਹੀਏ।

ਇਸ ਗੁਰੂ ਤੀਰਥ ਸੰਗ੍ਰਹਿ ਕੋ ਦੇਖਣੇ ਵਾਲੇ ਉੱਤਮ ਲੋਗਨ ਕੋ ਪੜ੍ਹਨ ਕੀ ਸੁਗਮਤਾ ਹੇਤ ਅਲਪ ਪ੍ਰਕਾਰ ਲਿਖਾ ਹੈ ਅਬ ਆਗੇ ਸਰਬ ਗੁਰਦੁਆਰੋਂ ਕੇ ਪਰਮ ਮੂਲ ਗੁਰੂ ਨਾਨਕ ਜੀ ਕੇ ਜਨਮ ਸਥਾਨ ਸੇ ਲੇਕਰ ਗੁਰੂ ਦਸਮ ਪਾਤਿਸ਼ਾਹ ਜੀ ਕੇ ਜੋਤੀ ਜੋਤ ਸਮਾਵਨ ਕੇ ਸਥਾਨ ਸ੍ਰੀ ਅਬਿਚਲ ਨਗਰ ਸਾਹਿਬ ਪ੍ਰਯੰਤ ਸਭ ਲਿਖੇ ਜਾਤੇ ਹੈਂ।

ਸ੍ਰੀ ਗੁਰੂ ਨਾਨਕ ਸਾਹਿਬ ਜੀ

(੧) ਤਲਵੰਡੀ ਗ੍ਰਾਮ - ਲਾਹੌਰ ਸੇ ਤੀਸ ਕੋਸ, ਪੱਛਮ ੧, ਜਨਮ ਸਥਾਨ ਨਨਕਾਣਾ ਸਾਹਿਬ, ਮੇਲੇ ਦੋ, ਕਾਤਕੀ ਪੂੰਨਿਆਂ, ਨਿਰਜਲਾ ਇਕਾਦਸੀ ੨, ਪੁਜਾਰੀ ਉਦਾਸੀ

Digitized by Panjab Digital Library | www.panjabdigilib.org

੩ ਮਾਤਾ ਤ੍ਰਿਪਤਾ ਪਿਤਾ ਕਾਲੂ ਜੀ ਕੇ ਘਰ, ਬੇਦੀ ਬੰਸ ਮੱਂ, ਸੰਮਤ ੧੫੨੬ ਮੇਂ, ਕਾਤਕ ਸੁਦੀ ਪੂੰਨਿਆਂ, ਕਾਤੁਕ ਪੂ੍ਵਿਸ਼ਟ ਤੇਰਾਂ, ਗੁਰਵਾਰ, ਆਧੀ ਰਾਤ ਕੋ ਗੁਰੂ ਨਾਨਕ ਸਾਹਿਬ ਜੀ ਕਾ ਅਵਤਾਰ ਹੂਆ। ਪਿਤਾ ਨੇ ਸਾਤ ਬਰਸ ਕੀ ਅਵਸ੍ਥਾ ਮੇ ਪਾਧੇ ਪਾਸ ਬੈਠਾਏ। ਉਸਕੋ 'ਜਾਲਿ ਮੋਹ ਘਸੁ ਮਸ ਕਰਿ' ਇਤਿ-ਆਦਿਕ ਉਪਦੇਸ਼ ਕੀਆ। ਕਾਜ਼ੀ ਪਾਸ ਬੈਠਾਏ ਤਿਸ ਕੋ 'ਯਕ ਅਰਜ਼' ਇਤਿਆਦਿ ਪ੍ਰਾਰਥਨਾ ਸਿਖਾਈ। ਵੈਦ ਕੋ "ਵੈਦਾ ਵੈਦ ਸੁ ਵੈਦ ਤੂੰ' ਇਤਿਆਦ ਉਪਦੇਸ਼ ਕੀਆ। ਸਿਆਣਾ ਮੰਗਵਾ-ਇਆ ਤਿਸ ਕੋ "ਕੋਈ ਆਖੈ ਭੂਤਨਾ" ਇਤਿਆਦ ਉਪਦੇਸ਼ ਕੀਆ। ਜਨੇਊ ਸਮੇ ਬ੍ਰਾਹਮਣ ਕੋ "ਦਇਆ ਕਪਾਹ" ਇਤਿ-ਆਦਿ ਉਪਦੇਸ਼ ਕੀਆ। ਅਵਤਾਰ ਹੋਨੇ ਕਾ ਅਧਿਕ ਬ੍ਰਿਤਾਂਤ ਅੰਤ ਕੋ ਲਿਖੇਂਗੇ। ੪।

(੨) ੦, ੧ – ਨਾਨਕ ਸਰ ੨, ਸਿਖ ੩ – ਇਸ ਤਾਲਾਬ ਮੇ ਗੁਰੂ ਜੀ ਬਾਲ ਅਵਸਥਾ ਮੇ ਬਾਲਕੋਂ ਸਾਥ ਮਿਲ ਇਸ਼ਨਾਨ ਕਰਤੇ। ਤਲਾਬ ਪੱਕਾ ਹੈ। ਤੀਰੇ ਪੈ ਮੰਜੀ ਸਾਹਿਬ ਹੈ। ਜਨਮਸਥਾਨ ਸੈਂ ਚਾਰ ਸੈ ਕਦਮ ਅਗਨ ਕੋਣ ਮੇ ਹੈ। ੪

(੩) ੦, ੧ – ਕਿਆਰਾ ਸਾਹਿਬ ੨, ਸਿੱਖ ੩ – ਈਹਾਂ ਗੁਰੂ ਜੀ ਨੇ ਮਹਖੀਓਂ ਕਾ ਖਾਇਆ ਖੇਤ ਵੈਸਾ ਹੀ ਹਰਾ ਕੀਆ ਥਾ।੪।

(੪) ੦, ੧ – ਮਾਲ ਸਾਹਿਬ੨, ਉਦਾਸੀ ੩ - ਈਹਾਂ ਗੁਰੂ ਜੀ ਕੇ ਮੁਖ ਪੈ ਸਰਪ ਨੇ ਛਾਇਆ ਕਰੀ ਥੀ। ਯੇਹ ਮਾਲ ਸਾਹਿਬ ਜਨਮਸਥਾਨ ਸੇ ਕੱਚਾ ਕੋਸ, ਈਸਾਨ ਕੋਣ ਮੇਂ ਹੈ।੪।

Digitized by Panjab Digital Library | www.panjabdigilib.org

(੫) ੦, ੧ – ਤੰਬੂ ਸਾਹਿਬ ੨, ਨਿਹੰਗ ੩ - ਬਨ ਕੇ ਬ੍ਰਿਛ ਕਾ ਨਾਮ ਤੰਬੂ ਸਾਹਿਬ ਹੈ। ਈਹਾਂ ਗੁਰੂ 'ਖਰਾ ਸੌਦਾ' ਕਰ ਚੂਹੜਕਾਣੇ ਸੇ ਆਇ ਕੇ ਬਾਹਰ ਬੈਠ ਰਹੇ। ਬਾਬਾ ਕਾਲੂ ਵਹਾਂ ਪਹੰਚ ਮਾਰਤਾ ਪੀਟਤਾ ਘਰ ਲੇ ਆਇਆ। ਅਬ ਉਸ ਬਨ ਕਾ ਬਿਸਥਾਰ ਪਚਵੰਜਾ ਕਦਮ ਘੇਰ ਕਾ ਹੈ। ਜੇਹ ਜਨਮ ਸਥਾਨ ਸੇ ਪਾਂਚ ਸੈ ਕਦਮ, ਈਸਾਨ ਕੋਣ ਮੇ ਹੈ। ੪।

(੬) ਚੂਹੜਕਾਣਾ ਗ੍ਰਾਮ – ਨਨਕਾਣੇ ਸੇ ੧੨ ਕੋਸ ਉੱਤਰ ੧, ਖਰਾ ਸੌਦਾ ੨, ਸਿੱਖ ੩ – ਪੰਦ੍ਰਾਂ ਬਰਸ ਕੀ ਕੀ ਅਵਸਥਾ ਮੇਂ ਬੀਸ ਰੁਪਏ ਪੂੰਜੀ ਦੇ ਸਾਥ ਬਾਲੇ ਕੋ ਦੇ ਕਰ ਪਿਤਾ ਨੇ ਕਹਾ ਖਰਾ ਸੌਦਾ ਕਰਨਾ। ਗੁਰੂ ਜੀ ਨੇ ਸੰਤ ਰੇਣ ਬੈਰਾਗੀ ਕੀ ਜਮਾਤ ਕੋ ਭੋਜਨ ਖੁਲਾਇਆ। ਜੇਹ ਖਰਾ ਸੌਦਾ ਕੀਆ। ੪।

(੭) ਸੁਲਤਾਨਪੁਰ - ਸ਼ਹਿਰ ਕਪੂਰਥਲੇ ਸੇ ੧੫ ਕੋਸ ਪੱਛਮ ੧, ਹੱਟੀ ਸਾਹਿਬ ਸ਼ਹਿਰ ਕੇ ਦੱਖਣ ਪਾਸੇ ੨, ਸਿੱਖ ੩- ਅਪਨੇ ਬਹਿਨੋਈ ਜੈਰਾਮ ਪਾਸ ਸੁਲਤਾਨਪੁਰ ਪਹੁੰਚ ਸੋਲਾਂ ਬਰਸ ਕੀ ਅਵਸਥਾ ਮੇਂ ਗੁਰੂ ਜੀ ਨੇ ਦੌਲਤ ਖਾਨ ਲੋਦੀ ਪਠਾਣ ਕਾ ਮੋਦੀ ਖਾਨਾ ਕੀਆ। ਈਹਾਂ ਗੁਰੂ ਜੀ ਕੇ ਤੋਲਨੇ ਕੇ ਵੱਟੇ ਰੱਖੇ ਹੈਂ। ਰਾਜ ਕਪੂਰਥਲਾ ਜ਼ਿਲਾ ਜਲੰਧਰ ਹੈ। ੪।

(੮) ੦, ੧ - ਬੇਰ ਸਾਹਿਬ ੨, ਸਿੱਖ ਉਦਾਸੀ ਦੋਨੋ ੩- ਬੇਰ ਕੀ ਦਾਤਨ ਕਰਕੇ ਗੁਰੂ ਜੀ ਨੇ ਵੇਈਂ ਨਦੀ ਕੇ ਕਿਨਾਰੇ ਗਾਡੀ, ਉਸ ਕਾ ਬਡਾ ਬ੍ਰਿੱਛ ਹੋ ਗਿਆ ਹੈ। ਬੇਰ ਸਾਹਿਬ

Digitized by Panjab Digital Library | www.panjabdigilib.org

ਸ਼ਹਿਰ ਸੇ ਚਾਰ ਸੈ ਕਦਮ ਪੱਛਮ ਹੈ। ੪।

(੯) ਉੱਦੋ ਕੇ ਗ੍ਰਾਮ- ਵਟਾਲੇ ਸੇ ਪਾਂਚ ਕੋਸਦੱਖਣ ੧, ਕੋਠਾ ਸਾਹਿਬ ਮੇਂ ਮੇਲਾ ਸਾਧੋਂ ਕੀ ਦਸਮੀ ੨, ਸਿੱਖ ੩ - ਇਸ ਗ੍ਰਾਮ ਗੁਰੂ ਜੀ ਨੇ ਆਪਣੇ ਬਿਵਾਹ ਕੇ ਸਮੇ ਜੰਡ ਕੀ ਡਾਲੀ ਕਾਟੀ। ਬਿਵਾਹ ਸਮੇ ਜੰਡੀ ਕਾਟਨੇ ਕੀ ਰੀਤਿ ਹੈ। ੪।

(੧੦) ਵਟਾਲਾ ਸ਼ਹਿਰ ਜ਼ਿਲਾ ਗੁਰਦਾਸਪੁਰ ੧, ਬਿਵਾਹ ਸਥਾਨ ੨, ਸਿੱਖ ੩ – ਸੰਮਤ ੧੫੪੪ ਮੇ ਗੁਰੂ ਜੀ ਕਾ ਬਿਵਾਹ ਹੁਆ। ਜੇਠ ਪ੍ਰਵਿਸ਼ਟੇ ੨੪ ਮੇਂ। ਇਸ ਸਮੇਂ ਅਵਸਥਾ ਅਠਾਰਾਂ ਬਰਸ ਕੀ ਥੀ। ੪।

(੧੧) ਸੁਲਤਾਨ ਪੁਰ ੧, ਸੰਤ ਘਾਟ ੨, ਉਦਾਸੀ ੩ ਗੁਰੂ ਜੀ ਕੋ ਬਿਸ਼ਨੂ ਭਗਵਾਨ ਨੇ ਅਪਨੇ ਸਮੀਪ ਬੁਲਾਇਆ। ਵੇਈਂ ਨਦੀ ਮੇਂ ਇਸ਼ਨਾਨ ਕਰਨੇ ਗਏ। ਦੂਜੀ ਮਾਰ ਤੀਸਰੇ ਦਿਨ ਜਹਾਂ ਨਿਕਸੇ ਉਸ ਕਾ ਨਾਮ 'ਸੰਤ ਘਾਟ' ਹੈ। ਏਹਾਂ ਸੇ ਨਿਕਸ ਕੇ ਦੁਕਾਨ ਛੋਡ ਸੰਮਤ ੧੫੫੩ ਮੇ ਸਤਾਈ ਬਰਸ ਕੀ ਅਵਸਥਾ ਸੇ ਲੈ ਗੁਰੂ ਜੀ ਸੰਃ ੧੫੮੩ ਪ੍ਰਯੰਤ ਤੀਸ ਬਰਸ ਨਾਨ੍ਹਾ ਦੇਸੋਂ ਮੇ ਸਤਿਨਾਮ ਕਾ ਉਪਦੇਸ਼ ਕਰਤੇ ਬਿਚਰੇ।

ਸ੍ਰੀ ਚੰਦ੍ ਜੀ ਕਾ ਜਨਮ ਸੰਮਤ ੧੫੫੧ ਮੇ ਸੁਲਤਾਨ ਪੁਰ ਰਹਿਤੇ ਹੁਆ। ਲੱਖਮੀ ਦਾਸ ਜੀ ਕਾ ਜਨਮ ਤਹਾਂ ਹੀ ਸੰਮਤ ੧੫੫੩ ਕੇ ਫਾਗਨ ਮੇ ਪੀਛੇ ਸੇ ਹੁਆ। 'ਸੰਤ ਘਾਟ' ਬੇਰ ਸੇ ਪੱਚੀ ਕਦਮ ਪੱਛਮ ਹੈ। ੪।

(੧੨) ਏਮਨਾਬਾਦ ਸ਼ਹਿਰ ਲਾਹੌਰ ਸੇ ਬੀਸ ਕੋਸ,

Digitized by Panjab Digital Library | www.panjabdigilib.org

ਵਾਯੁ ਕੋਣ ੧, ਰੋੜੀ ਸਾਹਿਬ ਮੇਲਾ ਸ੍ਰਾਧੋਂ ਕੀ ਦਸਮੀ ੨, ਉਦਾਸੀ ੩ - ਗੁਰੂ ਜੀ ਮਰਦਾਨੇ ਕੋ ਸਾਥ ਲੇਕਰ ਸੁਲਤਾਨ ਪਰ ਸੇ ਚੱਲ ਪਹਿਲੇ ਏਮਨਾਬਾਦ ਗਏ। ਰੋੜਾਂ ਕੇ ਬਿਸਤਰੇ ਪੈ ਤੁਪ ਕਰਤੇ ਰਹੇ। ਭਾਈ ਲਾਲੋ ਪ੍ਰੇਮੀ ਸੇਵਾ ਕਰਤਾ ਥਾ। ਈਹਾਂ ਸੇ ਮਰਦਾਨਾ ਆਪਨੇ ਘਰ ਮਿਲਨੇ ਹੇਤ ਤਲਵੰਡੀ ਗਿਆ। ਰਾਇ ਬੁਲਾਰ ਨੇ ਬੁਲਾਇ ਕਰ ਕਹਾ ਕਿ ਹਮ ਕੋ ਭੀ ਨਾਨਕ ਜੀ ਕਾ ਦਰਸ਼ਨ ਕਰਾਓ। ਮਰਦਾਨੇ ਨੇ ਕਹਾ ਕਿ ਬਾਲੇ ਕੋ ਭੇਜੋ। ਸੋ ਭਾਈ ਬਾਲਾ ਜਾ ਕਰ ਲਿਆਯਾ। ਦਰਸ਼ਨ ਦੇ ਕਰ ਫੇਰ ਏਮਨਾਬਾਦ ਪਹੁੰਚ ਪੂਰਬ ਕੋ ਤੀਨੋ ਚਲੇ। ੪।

(੧੩) ਢਾਕਾ ਸ਼ਹਿਰ – ਬੰਗਾਲੇ ਦੇਸ ਮੇ ਕਲਕੱਤੇ ਸੇ ਨੱਬੇ ਕੋਸ ਈਸਾਨ ਮੇ ੧, ਗੁਰਦੁਆਰਾ ਬਰਛਾ ਸਾਹਿਬ ੨, ਪੁਜ਼ਾਰੀ ਕੋਈ ਨਹੀਂ ੩ – ਏਮਨਾਬਾਦ ਸੇ ਚਲ ਕਰ ਗੁਰੂ ਜੀ ਸਨੇ ਸਨੇ ਪੂਰਬ ਦੇਸ ਮੇ ਬਿਚਰਤੇ ਬੰਗਾਲੇ ਦੇਸ ਕੇ ਨਾਮੀ ਸ਼ਹਿਰ ਢਾਕਾ ਸੇ ਉਤਰ, ਤੀਨ ਕੋਸ ਬਾਹਰ ਬੈਠੇ। ਬਰਛਾ ਮਾਰ ਕੇ ਜਲ ਨਿਕਾਸਾ। ਸਮੁੰਦ੍ ਕੀ ਖਾੜੀ ਢਾਕੇ ਸੇ ਤੀਨ ਕੋਸ ਦੱਖਣ ਓਰ ਹੈ। ਬਾਲੂਵਾ ਕੁੰਡ ਸਾਠ ਕੋਸ ਪੂਰਬ ਹੈ। ਜਹਾਂ ਪਾਣੀ ਔਰ ਆਗ ਇਕੱਠੇ ਨਿਕਸਤੇ ਹੈਂ। ੪।

(੧੪) ੦, ੧ – ਚਰਨ ਪਾਦਕਾ ੨, ਉਦਾਸੀ ੩ – ਮਰਦਾਨਾ ਸ਼ਹਿਰ ਗਿਆ, ਇਸਤ੍ਰੀਓਂ ਨੇ ਮੀਢਾ ਬਣਾਇ ਲੀਆ। ਗੁਰੂਜੀ ਨੇ ਜਾਇ ਕੇ ਸਭ ਕੇ ਮੰਤ੍ਰੋਂ ਕੀ ਸ਼ਕਤਿ ਰੋਕੀ। ਮਰਦਾਨਾ ਆਦਮੀ ਬਣਾਇਆ। ਈਹਾਂ ਸੇ ਚਲ ਸਿੰਗਲਾਦੀਪ

Digitized by Panjab Digital Library | www.panjabdigilib.org

ਅਰ ਮੱਕੇ ਕੀ ਯਾਤ੍ਰਾ ਕਰ ਗੁਰੂ ਜੀ ਫੇਰ ਸੁਲਤਾਨਪੁਰ ਆਏ। ਯੇਹ 'ਚਰਨ ਪਾਦਕਾ' ਸ਼ਹਿਰ ਕੇ ਉੱਤਰ ਪਾਸੇ ਸਮੀਪ ਹੀ ਹੈ ੪।

(੧੫) ਕੀਰਤਪੁਰ – ਸ਼ਹਿਰ ਜ਼ਿਲਾ ਹੁਸ਼ਿਆਰਪੁਰ, ਆਨੰਦਪੁਰ ਸੇ ਪਾਂਚ ਕੋਸ ਅਗਨ ਕੋਣ ਮੇ ੧, ਚਰਨ ਕਵਲ ਮੇਲਾ ਹੋਲੇ ਕਾ ੨, ਉਦਾਸੀ ੩ – ਸੁਮੇਰ ਯਾਤ੍ਰਾ ਕਰਨ ਸਮੇ ਪਹਿਲੇ ਸੁਲਤਾਨਪੁਰ ਸੇ ਚੱਲ, ਗੁਰੂ ਜੀ ਈਹਾਂ ਆਏ ੪।

(੧੬) ੦, ੧, ਤਕੀਆ ਬੁੱਢਣ ਸ਼ਾਹ ੨, ਮੁਸਲਮਾਨ ਫਕੀਰ ੩ – ਬੁੱਢਣ ਸ਼ਾਹ ਫਕੀਰ ਕੋ ਮਿਲੇ। ਉਸਨੇ ਗੁਰੂ ਜੀ ਕੋ ਦੂਧ ਦੀਆ ਸੋ ਗੁਰੂ ਜੀ ਉਸੀ ਪਾਸ ਛੋਡ ਗਏ। ਬਾਬੇ ਗੁਰਦਿਤੇ ਨੇ ਲੀਆ ੪।

(੧੭) ਪੰਜੌਰ – ਪਟਿਆਲੇ ਸੇ ਛੱਤੀ ਕੋਸ ਈਸਾਨ ਮੇ ੧, ਮੇਲਾ ਅਖਯ ਤੀਜ ੨, ਉਦਾਸੀ ੩ – ਈਹਾਂ ਗੁਰੂ-ਦੁਆਰੇ ਸਮੀਪ ਨਾਮੀ ਜਗਾ 'ਧਾਰਾ ਤੀਰਥ' ਹੈ। ਏਕ ਸਰਕਾਰ ਪਟਿਆਲਾ ਕਾ ਬੜਾ ਅਦਭੁਤ ਬਾਗ ਹੈਂ ੪।

(੧੮) ਜੋਹੜ ਸਾਹਿਬ – ਪੰਜੌਰ ਸੇ ਪੰਦਰਾਂ ਕੋਸ ਈਸਾਨ ਮੇਂ ੧, ਗੁਰੂਦੁਆਰਾ ੨, ਪੁਜਾਰੀ ਜੁਵਾਹਰ ਸਿੰਘ ਕੀ ਕੁਲ ਕੇ ਖੱਤ੍ਰੀ ਸਿੱਖ ੩ – ਯੇਹ ਜੋਹੜ ਭਿਗਸਾਈ ਕੀ ਛਾਉਨੀ ਸੇ ਤੀਸ ਕੋਸ ਦੱਖਣ ਓਰ ਹੈ। ਜਵਾਹਰ ਸਿੰਘ ਕਾ ਜੋਹੜ ਸਪਾਟੂ ਕੀ ਛਾਉਨੀ ਸਮੀਪ ਹਰੀਪੁਰ ਪਟੇ ਪਾਸ ਹੈ। ਜਵਾਹਰ

Digitized by Panjab Digital Library | www.panjabdigilib.org

ਸਿੰਘ ਗੰਗੂ ਸ਼ਾਹ ਕੀ ਕੁਲ ਮੇ ਪ੍ਰਸਿੱਧ ਹੂਆ ੪।

(੧੯) ਸ੍ਰੀ ਨਗਰ - ਜ਼ਿਲਾ ਪੌੜੀ ੧, ਚਰਨ ਪਾਦਕਾ ੨, ਉਦਾਸੀ ੩, ਇਸ ਪੌੜੀ ਜ਼ਿਲੇ ਮੇ ਹੀ ਸ੍ਰੀ ਨਗਰ ਸੇ ਸਾਠ ਕੋਸ ਪੂਰਬ ਪਾਸੇ 'ਬੱਦ੍ਰੀ ਨਾਰਾਇਣ' ਅਰ 'ਕੇਦਾਰ ਨਾਥ' ਕੇ ਮੰਦਰ ਹੈਂ। ਸ੍ਰੀ ਨਗਰ ਸੇ ਚੱਲ ਗੁਰੂ ਜੀ ਬੈਕੁੰਠ ਮੇਂ ਭਗਵਾਨ ਕਾ ਦਰਸ਼ਨ ਕਰ ਫੇਰ ਭਾਰਤ ਖੰਡ ਮੇ ਸੁਲਤਾਨਪੁਰ ਆਏ ੪।

(੨੦)ਲਾਹੌਰਸ਼ਹਿਰ੧,ਗੁਰਦੁਆਰਾ ਜੁਵਾਹਰ ਮਲ ਕੇ ਚੌਬੱਟੇ ਮੇਂ ੨, ਸਿੱਖ ੩ — ਈਹਾਂ ਗੁਰੂ ਜੀ ਨੇ ਬੜਾ ਕਸਾਈ ਵਾੜਾ ਦੇਖ ਕੇ ਬਚਨ ਕੀਆ 'ਲਾਹੌਰ ਸਹਰ ਜਹਰ ਕਹਰ ਸਵਾ ਪਹਰ।' ਦੁਨੀ ਚੰਦ ਖੱਤ੍ਰੀ ਕੇ ਬਾਪ ਕਾ ਬਖਿਆੜ ਜੂਨੀ ਸੇ ਉਧਾਰ ਕੀਆ। ਈਹਾਂ ਸੇ ਨਨਕਾਣੇ ਪਹੁੰਚ ਪਿਤਾ ਕੋ ਦਰਸ਼ਨ ਦੀਆ ੪।

(੨੧) ਥਨੇਸਰ ਸ਼ਹਿਰ - ਜ਼ਿਲਾ ਅੰਬਾਲਾ ੧, ਸਿੱਧ ਬਟੀ ੨, ਸਿਖ ੩ - ਈਹਾਂ ਗੁਰੂ ਜੀ ਨੇ ਮਾਸ ਖਾਣੇ ਕਾ ਨਖੇਧ ਕਰਤੇ ਪੰਡਿਤੋਂ ਕੋ "ਮਾਸਹੁ ਜੰਮੇ ਮਾਸਹੁ ਨਿੰਮੇਂ ਇਤਿਆਦ ਸ਼ਬਦ ਸੇ ਜਜ ਕੀਆ ੪।

(੨੨) ਕਰਨਾਲ ਸ਼ਹਿਰ ਖਾਸ, ਜ਼ਿਲਾ ੧, ਗੁਰਦੁਆਰਾ ੨, ਉਦਾਸੀ ੩ — ਥਨੇਸਰ ਸੇ ਚਲ ਕਰ ਗੁਰੂ ਜੀ ਈਹਾਂ ਰਹੇ। ਗੁਰਦੁਆਰਾ ਬਾਜ਼ਾਰ ਮੇਂ ਹੈ ੪।

(੨੩) ਨਿਜ਼ਾਮਾਵਾਦ ਸ਼ਹਿਰ — ਜ਼ਿਲਾ ਆਜਮ ਗਾਢ

Digitized by Panjab Digital Library | www.panjabdigilib.org

੧, ਗੁਰਦੁਆਰਾ ੨, ਸਿੱਖ ੩ — ਤਮਸਾ ਨਦੀ ਕੇ ਕਿਨਾਰੇ ਗੁਰੂ ਜੀ ਕਾ ਥਾਨ ਹੈ। ਈਹਾਂ ਗੁਰੂ ਜੀ ਨੇ ਰਣ ਮੇਂ ਮਰੇ ਰਾਮ ਨਿਵਾਜ ਕਾਇਥ ਕੋ ਉਸ ਕੀ ਇਸਤ੍ਰੀ ਕੀ ਪ੍ਰਾਰਥਨਾ ਸੁਣ ਜੀਵਾਇਆ ੪।

(੨੪) ਰਾਜ ਗਿਰੀ - ਜ਼ਿਲਾ ਪਟਣਾ, ਗਯਾ ਸੇ ੧੨ ਕੋਸ ੧, ਸੀਤਲ ਕੁੰਡ ਮੇਲਾ ਮਲ ਮਾਸ ਕਾ੨, ਪੁਜਾਰੀ ਗੁਰੂ ਕੇ ਸੰਤ ੩, ਅਵਰ ਸਭ ਕੁੰਡੋਂ ਮੇਂ ਗਰਮ ਜਲ ਨਿਕਸਤਾ ਹੈ, ਗੁਰੂ ਜੀ ਕੇ ਕੁੰਡ ਮੇਂ ਸੀਤਲ ਜਲ ਨਿਕਸਤਾ ਹੈ। ਜਰਾਸਿੰਧ ਕੀ ਰਾਜਧਾਨੀ ਕੀ ਜਗ੍ਹਾ ਹੈ ੪।

(੨੫) ਜਗੰਨਾਥ ਪੁਰੀ — ਜ਼ਿਲਾ ਕਟਕ ੧, ਬਾਉਲੀ ਸਾਹਿਬ ੨, ਉਦਾਸੀ ੩, ਈਹਾਂ ਗੁਰੂ ਜੀ ਨੇ 'ਗਗਨ ਮੈ ਥਾਲ' ਆਰਤੀ ਕਾ ਸ਼ਬਦ ਰਚਿਆ ੪।

(੨੬) ਸਿਲਟ ਸ਼ਹਿਰ — ਢਾਕੇ ਸੇ ਸੱਤ੍ਰ ਕੋਸ ਪੂਰਬ ੧, ਗੁਰਦੁਆਰਾ ੨, ਉਦਾਸੀ ੩ — ਜਗੰਨਾਥ ਸੇ ਚਲ ਤੀਸਰੀ ਯਾਤ੍ਰਾ ਮੇਂ ਭੁਟੰਤ ਹੋ ਕਾਸ਼ਮੀਰ, ਪੰਜੇ, ਕਾਬਲ ਓਰ ਜਾਣੇ ਸਮੇ ਈਹਾਂ ਗਏ ੪।

(੨੭) ਹਸਨ ਅਬਦਾਲ ਕਸਬਾ - ਜਿਲ੍ਹਾ ਰਾਵਲ ਪਿੰਡੀ ਸੇ ਅਠਾਰਾਂ ਕੋਸ ਪੈ ੧, ਪੰਜਾ ਸਾਹਿਬ ੨, ਸਿੱਖ ੩ - ਈਹਾਂ ਗੁਰੂ ਜੀ ਨੇ ਵਲੀ ਕੰਧਾਰੀ ਕਾ ਫੈਂਕਿਆ ਪਰਬਤ ਪੰਜੇ ਸੇ ਰੋਕਾ। ਅਬ ਤਕ ਗੁਰੂ ਜੀ ਕਾ ਪੰਜਾ ਲਗਾ ਹੁਆ ਹੈ। ਈਹਾਂ

Digitized by Panjab Digital Library | www.panjabdigilib.org

ਸੇ ਚਲ ਗੁਰੂ ਜੀ ਰੂਮ ਮੇਂ ਗਏ ੪।

(੨੮) ਜਲਾਲਾਬਾਦ – ਰਾਜ ਕਾਬਲ ੧, ਗੁਰਦੁਆਰਾ ਚੋਹਾ ਸਾਹਿਬ ੨, ਭੱਲੇ ਬਾਵੇ ੩ – ਪੰਜੇ ਸੇ ਹੋ ਕਰ ਆਗੇ ਕਾਬਲ ਓਰ ਜਾਤੇ ਗਏ ੪।

(੨੯) ਜੂਨਾਗੜ ਗਿਰਨਾਰ ਪਰਬਤ ਕੇ ਸਮੀਪ ਰਾਜਧਾਨੀ ਹੈ ੧, ਚਰਨ ਪਾਦਕਾ ੨, ਪੁਜਾਰੀ ਸੁਥਰੇ ੩ – ਗਿਰਨਾਰ ਪਰਬਤ ਪ੍ਰਭਾਸ ਤੀਰਥ ਮੇਂ ਦੁਵਾਰਕਾ ਸੇ ਸਾਠ ਕੋਸ ਪੂਰਬ ਹੈ। ਰੂਮ ਓਰ ਸੇ ਹਟ ਈਹਾਂ ਆਏ ੪।

(੩੦) ਬਡੋਚ ਸ਼ਹਿਰ - ਸਮੁੰਦਰ ਕੇ ਕਿਨਾਰੇ ਗੁਜਰਾਤ ਦੇਸ ਮੇਂ ਹੈ ੧, ਗੁਰੂਦੁਆਰਾ ੨, ਉਦਾਸੀ ੩ - ਇਸ ਕੇ ਸਮੀਪ ਨਰਬਦਾ ਨਦੀ ਸਮੁੰਦਰ ਮੇਂ ਮਿਲੀ ਹੈ। ਈਹਾਂ ਕੜਾਹ ਪ੍ਰਸ਼ਾਦਿ ਮੇਂ ਗੁਰੂ ਜੀ ਕਾ ਪੰਜਾ ਲਗਤਾ ਭੀ ਸੁਣਾ ਹੈ ੪।

(੩੧) ਪੁਲੀਅਮ ਕੋਟਾ - ਰਾਮੇਸ਼ਰ ਸੇ ਚਾਲੀ ਕੋਸ ਉੱਤਰ ਹੈ ੧, ਤ੍ਰਿਲਚੀਜੀ ਸਾਹਿਬ ੨, ਪੁਜਾਰੀ ਕੋਈ ਨਹੀਂ ੩- ਸਿੰਗਲਾ ਦੀਪ ਸੇ ਹੋ ਕਰ ਗੁਰੂ ਜੀ ਈਹਾਂ ਆਏ। ਏਕ ਪਰਬਤ ਮੇਂ ਸਿੱਧੋਂ ਸੇ ਚਰਚਾ ਹੁਈ। ਥੋੜੀ ਚੀਜ਼ ਭੀ ਵੰਡ ਛਕਣੀ ਚਾਹੀਏ। ਸੁਣ ਕਰ ਸਿੱਧੋਂ ਨੇ ਤ੍ਰਿਲ ਰੱਖਾ। ਗੁਰੋਂ ਨੇ ਰਗੜ ਕਰ ਪਾਣੀ ਮੇਂ ਮੇਲ ਸਭ ਕੋ ਵਰਤਾਇਆ। ਉਸ ਦੇਸ ਮੇਂ ਇਸ ਕਾ ਨਾਮ ਕੁੰਡੀ ਕੁਤਾਲਮ ਪ੍ਰਸਿੱਧ ਹੈ ੪।

(੩੨) ਬਿਦਰ ਸ਼ਹਿਰ – ਅਬਿਚਲ ਨਗਰ ਸੇ ਚਾਲੀ ਕੋਸ ਦੱਖਣ ਹੈਦਰਾਬਾਦ ਕੇ ਰਾਜ ਮੇਂ ੧, ਨਾਨਕ ਝੀਰਾ ੨,

Digitized by Panjab Digital Library | www.panjabdigilib.org

ਮੁਸਲਮਾਨ ਫਕੀਰ ੩ - ਤਿਲ ਗੰਜੀ ਸੇ ਚਲ ਸਿੱਧ ਨਾਨਕ ਮਤੇ ਆਏ। ਗੁਰੂ ਜੀ ਨਾਨਕ ਮਤੇ ਬਿਦਰ ਮੇਂ ਠਹਿਰ ਕਰ ਆਏ ੪।

(੩੩) ਨਾਨਕ ਮਤਾ - ਜ਼ਿਲਾ ਨੈਨੀਤਾਲ ੧, ਗੁਰਦੁਆਰਾ ਨਾਨਕ ਮਤਾ ਮੇਲਾ ਦੀਪਮਾਲਾ ੨, ਉਦਾਸੀ ੩- ਪੀਲੀਭੀਤ ਸ਼ਹਿਰ ਸੇ ਬੀਸ ਕੋਸ ਉੱਤਰ ਹੈ। ਏਹਾਂ ਗੁਰੂ ਜੀ ਕੀ ਸਿੱਧਾਂ ਸਾਥ ਚਰਚਾ ਹੁਈ। ਜਿਸ ਪੀਪਲ ਕੇ ਤਲੇ ਬੈਠੇ ਥੇ ਵੋਹ ਅਬ ਤਕ ਵਹਾਂ ਲਗਾ ਰਹਾ ਹੈ ੪।

(੩੪) ਬਨ – ਜ਼ਿਲਾ ਨੈਨੀਤਾਲ ਪਰਬਤ ਮੇਂ ੧, ਰੀਠਾ ਸਾਹਿਬ ਬ੍ਰਿਛ ੨, ਪੁਜਾਰੀ ਕੋਈ ਨਹੀਂ ੩- ਸਿੱਧ ਨਾਨਕ ਮਤੇ ਸੇ ਆਗੇ ਗਏ। ਗੁਰੂ ਜੀ ਭੀ ਤਹਾਂ ਗਏ। ਮਰਦਾਨੇ ਕੋ ਭੂਖ ਲਗੀ। ਗੁਰੂ ਜੀ ਨੇ ਰੀਠੇ ਕੇ ਫਲ ਖੁਲਾਏ। ਯੇਹ ਰੀਠਾ ਨਾਨਕ ਮਤੇ ਸੇ ਤੀਸ ਕੋਸ ਪੂਰਬ ਤਰਫ ਜੰਗਲ ਮੇਂ ਹੈ। ਫਲ ਮੀਠੇ ਲਗਤੇ ਹੈਂ ੪।

(੩੫) ਕੋਟ ਦ੍ਵਾਰ ਸ਼ਹਿਰ – ਜ਼ਿਲਾ ਪੌੜੀ ਨਜੀਮਾ ਵਾਦ ਸੇ ਬਾਰਾਂ ਕੋਸ ੧, ਚਰਨ ਪਾਦਕਾ ੨,ਉਦਾਸੀ ੩ - ਰੀਠੇ ਸੇ ਗੁਰੂ ਜੀ ਏਹਾਂ ਆਏ ੪।

(੩੬) ਦਿੱਲੀ ਸ਼ਹਿਰ ਲਾਹੌਰੀ ਦਰਵਾਜਾ ੧, ਬੜਾ ਸਾਹਿਬ ਸੁਣਾ ਹੈ ੨, ੦, ੩- ਇਸ ਮਕਾਨ ਕੇ ਸਮੀਪ ਗੁਰੂ ਜੀ ਨੇ ਮਹਾਵਤੋਂ ਕੀ ਅਰਜ਼ ਸੁਣ ਕਰ ਮਰਾ ਹੁਆ ਹਾਥੀ

Digitized by Panjab Digital Library | www.panjabdigilib.org

ਜੀਵਾਇਆ ੪ ।

(੩੭) ਪਰੁ (ਪਿਆਊ) – ਦਿੱਲੀ ਸੇ ਚਾਰ ਕੋਸ ਪੱਛਮ ਪਾਸੇ ੧, ਗੁਰਦੁਆਰਾ ੨, ਉਦਾਸੀ ੩ – ਗੁਰੂ ਜੀ ਨੇ ਨਾਮ ਕਾ ਉਪਦੇਸ਼ ਲੋਗੱਂ ਕੋ ਕੀਆ ੪ ।

(੩੮) ਸਰਸਾ ਸ਼ਹਿਰ – ਖਾਸ ਜ਼ਿਲਾ ੧, ਗੁਰੂ ਥਾਨ ੨, ਸਾਈਂ ਫਕੀਰ ੩ - ਗੁਰੂ ਦਸਮ ਜੀ ਕੇ ਸਥਾਨ ਸੇ ਤੀਨ ਮੈ ਕਦਮ ਪੱਛਮ ਪੰਜ ਪੀਰਾਂ ਕਾ ਮਕਾਨ ਹੈ। ਉਸ ਕੇ ਪਾਸ ਗੁਰਦੁਆਰਾ ਹੈ ੪ ।

(੩੯) ਸੰਗਰੂਰ – ਜੀਂਦ ਕੀ ਰਾਜਧਾਨੀ ੧, ਨਨ-ਕਾਣਾ ਸਾਹਿਬ ੨, ਸਿੱਖ ੩ – ਸਤਿਨਾਮ ਕਾ ਉਪਦੇਸ਼ ਜਨੋ ਕੋ ੪ ।

(੪੦) ਮਨਸੂਰਪੁਰ – ਸ਼ਹਿਰ ਨਾਭੇ ਸੇ ਪਾਂਚ ਕੋਸ ਪੱਛਮ ੧, ਗੁਰਦੁਆਰਾ ਚੁਬਾਰਾ ਸਾਹਿਬ ੨, ਪੁਰ ਵਾਸੀ ੩ - ਨਗਰ ਕੇ ਲੋਗ ਇਸ ਚੁਬਾਰੇ ਕੋ ਗੁਰੂ ਜੀ ਕਾ ਕਹਿਤੇ ਹੈਂ ਅਰ ਧੂਪ ਦੀਪ ਕਰਤੇ ਹੈਂ । ਜਾਲੇ ਖੱਤ੍ਰੀਓਂ ਕੀ ਹਵੇਲੀ ਪਰ ਚੁਬਾਰਾ ਹੈ ੪ ।

(੪੧) ਤਖਤੂਪੁਰ ਗਾਉਂ – ਜ਼ਿਲਾ ਲੁਧਿਆਣਾ ਭਦੌੜ ਸੇ ਚਾਰ ਕੋਸ ਪੱਛਮ ੧, ਗੁਰਦੁਆਰਾ ਮੇਲਾ ਵੈਸਾਖੀ ੨, ਸਿੱਖ ੩ - ਹਰਿਨਾਮ ਕਾ ਉਪਦੇਸ਼ ਕੀਆ ੪ ।

(੪੨) ਨਾਗੇ ਕੀ ਸਰਾਇ – ਮੁਕਤਸਰ ਜੀ ਸੇ ਸਾਤ

Digitized by Panjab Digital Library | www.panjabdigilib.org

ਕੋਸ ਈਸਾਨ ਮੈਂ ਗ੍ਰਾਮ ਸੇ ਉੱਤਰ ੧, ਗੁਰਦੁਆਰਾ ਮੇਲਾ ਵੈਸਾਖੀ ੨, ਉਦਾਸੀ ੩ — ਪਹਿਲੇ ਇਸ ਗ੍ਰਾਮ ਕਾ ਨਾਮ 'ਮੱਤੇ ਕੀ ਸਰਾਇ' ਥਾ। ਇਸੀ ਨਗਰ ਮੈਂ ਗੁਰੂ ਅੰਗਦ ਸਾਹਿਬ ਜੀ ਕਾ ਜਨਮ ਹੁਆ ੪ ।

(੪੩) ਖਾਲੜੇ ਗ੍ਰਾਮ — ਲਾਹੌਰ ਸੇ ਚੌਦਾਂ ਕੋਸ ਪੂਰਬ ੧, ਗੁਰਦੁਆਰਾ ੨, ਸਿੱਖ ੩ — ਇਸ ਨਗਰ ਮੈਂ ਮਹਾਜਨੋਂ ਨੇ ਗੁਰੂ ਜੀ ਕੋ ਹਾਸੀ ਕਰੀ ਥੀ ਇਸ ਲੀਏ ਉਸ ਕੋ ਸ੍ਰਾਪ ਦੀਆ "ਵਸੋ ਰਸੋ ਖਾਲੜਾ ਮਰੇ ਮਹਾਜਨ ਨੰਗ" ਜੋ ਮਹਾਜਨ ਉਹਾਂ ਬ੍ਰਸਤਾ ਹੈ ਉਸ ਕਾ ਦਿਵਾਲਾ ਨਿਕਸ ਜਾਤਾ ਹੈ ੪।

(੪੪) ਘਵਿੰਡੀ - ਘਵਿੰਡ ਗ੍ਰਾਮ ਖਾਲੜੇ ਸੇ ਏਕ ਕੋਸ ਪਛਮ ੧, ਲਹੂੜੇ ਸਾਹਿਬ ੨, ਸਿੱਖ ੩ — ਲਹੂੜੇ ਕੇ ਇੰਮਲੀ ਜੈਸੇ ਪੱਤੇ ਹੋਤੇ ਹੈਂ ਜੰਗਲ ਮੈਂ ਰਹੂੜਾ ਨਾਮ ਹੈ। ਗੁਰੋਂ ਨੇ ਦਾਤਨ ਕਰ ਗੱਡੀ ਥੀ, ਉਸ ਕਾ ਬ੍ਰਿਛ ਹੋ ਗਿਆ ੪ ।

(੪੫) ਚਾਹਲ ਗ੍ਰਾਮ - ਲਾਹੌਰ ਸੇ ਸਾਤ ਕੋਸ ਦੱਖਣ ੧, ਦੇਹਰਾ ੨, ਸਿਖ ੩- ਗੋਬਿੰਦ ਨਾਮ ਕੇ ਜਾਪ ਕਾ ਉਪਦੇਸ਼ ਕੀਆ ੪ ।

(੪੬) ਮਾਂਗਾ ਗ੍ਰਾਮ - ਲਾਹੌਰ ਸੇ ਬੀਸ ਕੋਸ ਨੈਰਤ ਕੋਣ ਮੈਂ ੧, ਛੋਟਾ ਨਨਕਾਣਾ ਮੇਲਾ ਬੈਸਾਖੀ ੨, ਨਿਰਮਲੇ ੩- ਏਹਾਂ ਜੰਗਲ ਮੈਂ ਕੁਛ ਦਿਨ ਗੁਰੂ ਜੀ ਨੇ ਵਾਸ ਕੀਆ ੪ ।

(੪੭) ਅਲਪੇ ਗ੍ਰਾਮ - ਮਾਂਗੇ ਸੇ ਅਠਾਰਾਂ ਕੋਸ ਪੱਛਮ

Digitized by Panjab Digital Library | www.panjabdigilib.org

੧, ਯੇਹ ਭੀ ਛੱਟਾ ਨਨਕਾਣਾ ਹੈ ੨, ਸਿੱਖ ੩ - ਭਜਨ ਕਾ ਉਪਦੇਸ਼ ਕੀਆ ੪ ।

(੪੮) ਕੰਗਣ ਪੁਰ ਗ੍ਰਾਮ ਚੂਹਣੀ ਸ਼ਹਿਰ ਸੇ ਬਾਰਾਂ ਕੋਸ ਪੂਰਬ ਜ਼ਿਲਾ ਲਾਹੌਰ ੧, ਗੁਰੂ ਥਾਨ ੨, ਸਿੱਖ ੩- ਈਹਾਂ ਕੇ ਲੋਗੋਂ ਸੇ ਗੁਰੂ ਜੀ ਕੀ ਕੁਛ ਸੇਵਾ ਨਾਂ ਬਨ ਪੜੀ। ਇਸ ਲੀਏ ਸ੍ਰਾਪ ਦੀਆ "ਤੁਮ ਈਹਾਂ ਹੀ ਬਸੋ, ਕੋਈ ਔਰ ਜਗ੍ਹਾ ਮਤ ਬਿਗਾੜੋ" ੪ ।

(੪੯) ਭੀਲਾ ਗ੍ਰਾਮ – ਕੰਗਣ ਪੁਰ ਸੇ ਪਾਂਚ ਕੋਸ ਪੂਰਬ ੧, ਗੁਰਦੁਆਰਾ ੨, ਸਿੱਖ ੩ – ਈਹਾਂ ਕੇ ਲੋਕੋਂ ਨੇ ਬਹੁਤ ਸੇਵਾ ਕਰੀ। ਗੁਰੂ ਜੀ ਨੇ ਉਨ ਕੋ ਬਰ ਦੀਆ – "ਜਹਾਂ ਕਹਾਂ ਬਸੋ ਤੁਮ ਸੇ ਸਭ ਥਾਨੋਂ ਮੇਂ ਭਲਾ ਹੋਗਾ" ੪ ।

(੫੦) ਸਤੁਘਰਾ – ਸ਼ਹਿਰ ੧, ਗੁਰਦੁਆਰਾ ੨, ਸਿੱਖ ੩ – ਇਸ ਨਗਰ ਗੁਰੂ ਜੀ ਨੇ ਏਕ ਸ਼ਾਹੂਕਾਰ ਕੋ ਉਪਦੇਸ਼ ਕੀਆ ਜੋ ਗ੍ਰੰਥ ਜੀ ਮੇਂ "ਸਹੰਸ੍ਰ ਦਾਨ ਦੇ ਇੰਦ੍ਰ ਰੋਆਇਆ" ਲਿਖਾ ਹੈ ੪ ।

(੫੧) ਏਮਨਾਬਾਦ – ੧, ਰੋੜੀ ਸਾਹਿਬ ੨,ਸਿੱਖ ੩- ਸਤ ਘਰੇ ਸੇ ਚਲ ਕਰ ਗੁਰੂ ਜੀ ਦੂਜੀ ਵਾਰ ਏਮਨਾਬਾਦ ਆਏ। ਪਠਾਣੋਂ ਕੀ ਕੁਚਾਲ ਦੇਖ ਕਰ "ਜੈਸੀ ਮੈ ਆਵੈ ਖਸਮ ਕੀ ਬਾਣੀ" ਸ਼ਬਦ ਕਹਾ। ਅਗਲੇ ਰੋਜ਼ ਇਸ ਨਗਰ ਮੇਂ ਬਾਬਰ ਮਿਲਾ ੪ ।

Digitized by Panjab Digital Library | www.panjabdigilib.org

(੫੨) ਪੱਖੋ ਕੇ ਗ੍ਰਾਮ – ਗੁਰੂ ਨਾਨਕ ਜੀ ਕੇ ਦੇਹਰੇ ਸੇ ਤੀਨ ਕੋਸ ਰਾਵੀ ਕੇ ਪਰਲੇ ਤੀਰ ਵਾਯੁ ਕੋਣ ੧, ਗੁਰ-ਦੁਆਰਾ ੨, ਉਦਾਸੀ ੩ – ਇਸ ਗ੍ਰਾਮ ਮੇ ਆਏ, ਅਜਿਤੇ ਰੰਧਾਵੇ ਚੌਧਰੀ ਨੇ ਬਹੁਤ ਸੇਵਾ ਕਰੀ। ਸਾਸ ਸਸੁਰਾ ਭੀ ਈਹਾਂ ਰਹਿਤੇ ਥੇ, ਉਨ ਕੋ ਉਪਦੇਸ਼ ਕੀਆ। ਸ੍ਰੀ ਚੰਦ, ਲਖਮੀ ਦਾਸ ਅਰ ਉਨ ਕੀ ਮਾਤਾ ਕੋ ਆਗਜਾ ਦਈ ਹਮਾਰੇ ਪਾਸ ਰਹੋ ੪।

(੫੩) ਕਰਤਾਰ ਪੁਰ ਗ੍ਰਾਮ – ਅੰਮ੍ਰਿਤਸਰ ਸੇ ਇਕੀਸ ਕੋਸ, ਉੱਤਰ ਰਾਵੀ ਕੇ ਪਰਲੇ ਤੀਰ ੧, ਧਰਮਸਾਲ ਮੇਲਾ ਬੈਸਾਖੀ, ਹੋਲੀ ੨, ਉਦਾਸੀ ੩ – ਗੁਰੂ ਜੀ ਨੇ ਕਰਤਾਰਪੁਰ ਨਗਰ ਬਸਾਇਆ, ਬੀਚ ਧਰਮਸਾਲ ਬਣਵਾਈ। ਸਭ ਕੁਟੰਬ ਈਹਾਂ ਬਸਾਇਆ। ਦੇਹਰਾ ਭੀ ਪਹਿਲੇ ਈਹਾਂ ਹੀ ਬਣਾ ਥਾ। ਜਬ ਰਾਵੀ ਨੇ ਕਰਤਾਰ ਪੁਰ ਬਹਾਇਆ ਤਬ ਸੇ ਗੁਰੂ ਜੀ ਕੀ ਚਿਤਾ ਕੀ ਭਸਮ ਵਾਲੀ ਗਾਗਰ ਤਲੇ ਰਖੀ। ਸ੍ਰੀ ਚੰਦ ਜੀ ਕੇ ਸਮੇਂ ਮੇਂ ਉਰਲੇ ਪਾਰ ਬਣਾ ੪।

(੫੪) ਸਿਆਲਕੋਟ ਸ਼ਹਿਰ – ਖਾਸ ਜ਼ਿਲਾ ੧, ਬੇਰ ਸਾਹਿਬ ੨, ਸਿੱਖ ੩ – ਨਗਰ ਸੇ ਬਾਹਰ ਬੇਰ ਕੇ ਤਲੇ ਬੈਠ ਗੁਰੂ ਜੀ ਨੇ ਮਰਦਾਨੇ ਕੋ ਸਚ ਝੂਠ ਕਾ ਸੌਦਾ ਖ੍ਰੀਦਨੇ ਭੇਜਾ। ਮੂਲੇ ਕਿਰਾੜ ਨੇ ਯੇਹ ਸੌਦਾ ਦੀਆ। "ਮਰਨਾ ਸਚ ਜੀਵਣਾ ਝੂਠ" ਮੂਲੇ ਕੋ ਸਾਥ ਲੇ ਗੁਰੂ ਜੀ ਚਲ ਦੀਏ ੪।

(੫੫) ਸਾਹੋਵਾਲ ਗ੍ਰਾਮ – ਸਿਆਲ ਕੋਟੋਂ ਚਾਰ ਕੋਸ ਪੱਛਮ ੧, ਗੁਰੂ ਥਾਨ ਬੇਰ ਚਿਨਾਰ ਦੋ ਬ੍ਰਿਛ ਹੈਂ ਮੇਲਾ ਬੈਸਾਖੀ

Digitized by Panjab Digital Library | www.panjabdigilib.org

੨, ਉਦਾਸੀ ੩ — ਈਹਾਂ ਗੁਰੂ ਨਾਨਕ ਜੀ ਬੇਰ ਔਰ ਚਿਨਾਰ ਕੇ ਤੁਲੇ ਬੈਠੇ ੪।

(੫੬) ਉੱਚ ਗ੍ਰਾਮ — ਜ਼ਿਲਾ ਮੁਲਤਾਨ ੧, ੦ ੨, ੦ ੩ — ਈਹਾਂ ਇਸ ਗ੍ਰਾਮ ਕੇ ਪੀਰੋਂ ਸੇ ਚਰਚਾ ਹੁਈ। ਇਸ ਗ੍ਰਾਮ ਕੇ ਪੀਰ ਬੜੇ ਨਾਮੀ ਹੈਂ। ਇਸੀ ਲੀਏ ਮਾਛੀਵਾੜੇ ਦਸਮ ਗੁਰੂ ਜੀ ਉਚ ਗ੍ਰਾਮ ਕੇ ਪੀਰ ਬਣੇ ਥੇ। ਈਹਾਂ ਸੇ ਹੀ ਗੁਰੂ ਨਾਨਕ ਜੀ ਨੇ ਮੂਲੇ ਕਾ ਇਸਤ੍ਰੀ ਮੇਂ ਸਨੇਹ ਦੇਖ ਮੂਲਾ ਸਿਆਲ ਕੋਟ ਭੇਜਾ ਅਰ ਆਪ ਪਾਕਪਟਨ ਗਏ ੪।

(੫੭) ਪਾਕਪਟਨ ਸ਼ਹਿਰ — ਜ਼ਿਲਾ ਮਿੰਟਗੁਮਰੀ੧, ਗੁਰਦੁਆਰਾ ੨, ਸਿੱਖ ੩ — ਈਹਾਂ ਗੁਰੂ ਜੀ ਸ਼ੇਖ ਬ੍ਰਹਮ ਸੇ ਗੋਸ਼ਟ ਕਰ ਬਗਦਾਦ ਗਏ। ਹਟਤੀ ਦਫਾ ਰਸਤੇ ਮੇਂ ਮਰਦਾਨਾ ਗੁਜ਼ਰਾ। ਕੁਰਮ ਸ਼ਹਿਰ ਮੇਂ ਉਸਕੀ ਦਾਹ ਕ੍ਰਿਯਾ ਕਰੀ ੪।

(੫੮) ਅਚਲ ਵਟਾਲੇ ਸ਼ਹਿਰ ਸੇ ਦੋ ਕੋਸ ਦਖਣ ੧, ਗੁਰਦੁਆਰਾ ਮੇਲਾ ਸ਼ਿਵ ਰਾਤ੍ਰੀ ਕਾ ਫਾਗਨ ਮੇਂ ੨, ਨਿਰਮਲੇ ੩ — ਅਚਲ ਮਹਾਂਦੇਵ ਕਾ ਨਾਮ ਹੈ। ਇਸਕਾ ਸ਼ਿਵਾਲਾ ਤੁਲਾਬ ਕੇ ਬੀਚ ਬਣਾ ਹੈ। ਤੁਲਾਬ ਪੱਕਾ ਹੈ। ਤੁਲਾਬ ਕੇ ਪੱਛਮ ਪਾਸੇ ਸਿੱਧਾਂ ਸਾਥ ਚਰਚਾ ਕਰ ਗੁਰੋਂ ਨੇ 'ਸਿਧ ਗੋਸ਼ਟ' ਬਾਣੀ ਬਣਾਈ। ਈਹਾਂ ਸੇ ਚਲ ਤਲਵੰਡੀ ਸੇ ਮਰਦਾਨੇ ਕੇ ਬੇਟੇ ਕੋ ਲੇਕਰ ਗੁਰੂ ਜੀ ਨੇ 'ਕੁਰਮ' ਪਹੁੰਚਾਇਆ ੪।

(੫੯) ਮੁਲਤਾਨ ਸ਼ਹਿਰ ੧, ਗੁਰਦੁਆਰਾ ਪੀਰੋਂ ਕੇ ਮਕਾਨੋਂ ਮੇਂ ੨, ਪੁਜਾਰੀ ਮੁਜਾਵਰ ੩ — ਕੁਰਮ ਸੇ ਹੋ ਕਰ

Digitized by Panjab Digital Library | www.panjabdigilib.org

ਗੁਰੂ ਜੀ ਮੁਲਤਾਨ ਆਏ। ਤਬ ਪੀਰੋਂ ਨੇ ਮੁਲਤਾਨ ਕੋ ਪੀਰੀ ਪੁਰ ਜਿਤਾਵਨੇ ਹੇਤ ਗੁਰੂ ਜੀ ਪਾਸ ਦੂਧ ਕਾ ਪਿਆਲਾ ਭਰ ਕੇ ਭੇਜਾ। ਗੁਰੂ ਜੀ ਨੇ ਬੀਚ ਫੂਲ ਰਖੇ ਜੋ ਭਰੇ ਮੇਂ ਹੀ ਹਮ ਐਸੇ ਸਮਾਇ ਜਾਵੇਂਗੇ ੪।

(੬੦) ਟਿੱਲਾ ਬਾਲ ਗੁਦਾਈ - ਜਿਹਲਮ ਸੇ ਬਾਰਾਂ ਕੋਸ ਪੱਛਮ ੧, ਗੁਰੂ ਥਾਨ ੨, ਨਾਥ ੩ — ਈਹਾਂ ਬਾਲ ਗੁਦਾਈ ਸਿੱਧ ਗੁਰੂ ਜੀ ਕੋ ਪ੍ਰੇਮ ਸੇ ਮਿਲਾ। ਦੋ ਰੋਜ਼ ਅਪਨੇ ਮਕਾਨ ਮੇਂ ਰਖੇ, ਬਹੁਤ ਸੇਵਾ ਕਰੀ ੪।

(੬੧) ਰੁਹਤਾਸ ਕਸਬਾ — ਜਿਹਲਮ ਸੇ ਪਾਂਚ ਕੋਸ ਪੱਛਮ ੧, ਚੋਹਾ ਸਾਹਿਬ ੨, ਸਿੱਖ ੩ — ਈਹਾਂ ਕਿਲੇ ਮੇਂ ਜਲ ਥਾ ਸੋ ਗੁਰੂ ਜੀ ਨੇ ਬਾਹਰ ਖੈਂਚ ਲੀਆ ੪।

(੬੨) ਕੇਰ ਭਾਈ ਭਾਗਵਾਲੀ — ਮਾਂਗਟ ਸੇ ਚਾਰ ਕੋਸ ਪੂਰਬ ੧, ਕੇਰ ਸਾਹਿਬ ੨, ਉਦਾਸੀ ੩ — ਰੁਹਤਾਸ ਸੇ ਚਲ ਈਹਾਂ ਆਏ ੪।

(੬੩) ਸਿਆਲ ਕੋਟ ੧, ਬਾਵਲੀ ਸਾਹਿਬ ੨, ਸਿੱਖ ੩ — ਕੇਰ ਸੇ ਚਲ ਕਰ ਗੁਰੂ ਜੀ ਫੇਰ ਸਿਆਲਕੋਟ ਮੂਲੇ ਕੇ ਘਰ ਆਏ। ਔਰਤ ਕੋ ਪੂਛਾ। ਉਸ ਨੇ ਕਹਾ ਘਰ ਨਹੀਂ! ਸੁਣ ਕਰ ਗੁਰੂ ਜੀ ਰੰਜ ਹੋ ਕਰ 'ਨਾਲ ਕਿਰਾੜਾ ਦੋਸਤੀ' ਇਤਿਆਦ ਸ਼ਬਦ ਕਹਿ ਕਰ ਕਰਤਾਰ ਪੁਰ ਕੋ ਚਲੇ ਆਏ। ਮੂਲੇ ਕੇ ਘਰ ਕੀ ਜਗ੍ਹਾ ਬਾਵਲੀ ਹੈ ੪।

(੬੪) ਦੋਹਰਾ ਗੁਰੂ ਨਾਨਕ — ਕਰਤਾਰ ਪੁਰ ਸੇ ਤੀਨ

Digitized by Panjab Digital Library | www.panjabdigilib.org

ਕੋਸ ਰਾਵੀ ਕੇ ਉਰਲੇ ਪਾਰ ੧, ਦੇਹਰਾ ਸਾਹਿਬ ਸਮਾਧ ਗੁਰੂ ਨਾਨਕ ਜੀ ਕੀ ੨, ਉਦਾਸੀ ੩ — ਸੰਮਤ ੧੫੯੬ ਅਸੁ ਵਦੀ ੧੦ ਭਾਵ ਸ਼ਰਾਧੋਂ ਕੀ ਦਸਮੀ ਕੋ ਜੋਤੀ ਜੋਤ ਸਮਾਏ। ਪਹਿਲੇ ਦੇਹਰਾ ਕਰਤਾਰ ਪੁਰ ਮੇਂ ਬਣਾ ਥਾ। ਪੀਛੇ ਸੇ ਜਬ ਰਾਵੀ ਕੇ ਪ੍ਰਵਾਹ ਮੇਂ ਵਹੁ ਥਾਨ ਵਹਿਨੇ ਲਗਾ ਤਬ ਉਹਾਂ ਸੇ ਚਿਤਾ ਭੁਸਮ ਕੀ ਗਾਗਰ ਨਿਕਾਸ ਰਾਵੀ ਕੇ ਉਰਲੇ ਪਾਰ ਥਾਪਨ ਕਰ ਦੇਹਰਾ ਬਣਾਇਆ। ਈਹਾਂ ਲਖਮੀ ਚੰਦ ਜੀ ਕੀ ਸੰਤਾਨ ਕਾ ਵਾਸ ਹੁਆ। ਈਹਾਂ ਸੇ ਹੀ ਜਹਾਂ ਕਹਾਂ ਬੇਦੀ ਸਾਹਿਬਜ਼ਾਦੇ ਫੈਲੇ। ਇਸ ਦੇਹਰੇ ਕੇ ਸਮੀਪ 'ਸਰਜੀ' ਨਾਮ ਵਾਲਾ ਕੂੰਆਂ ਹੈ। ਇਸ ਕਾ ਜਲ ਗਰਮ ਕਰੇ ਕਿਰਮ ਚਲ ਪੜਤੇ ਸਣੇ ਹੈਂ ੪।

ਸੰਖਿਪਤ ਕਥਾ ਸਮੱਗ੍ਰ ਅਵਸਥਾ ਕੀ

ਗੁਰੂ ਨਾਨਕ ਜੀ ਬਾਲ ਅਵਸਥਾ ਮੇਂ ਪਾਂਧੇ, ਕਾਜ਼ੀ ਸੇ ਆਜੀਵਕਾ ਕੀ ਵਿਦਜਾ ਨਾਂ ਸੀਖੇ। ਫੇਰ ਪਿਤਾ ਨੇ ਖੇਤੀ, ਬਨਜ ਕੀ ਓਰ ਲਗਾਏ। ਜਬ ਉਧਰ ਭੀ ਦ੍ਰਿਸ਼ਟੀ ਨਾਂ ਦਈ, ਤਬ ਸੁਲਤਾਨ ਪੁਰ ਭੇਜੇ। ਤਹਾਂ ਅਪਨੀ ਇੱਛਾ ਸੇ ਕੁਛ ਦਿਨ ਨਵਾਬ ਕਾ ਮੋਦੀ ਖਾਨਾ ਕਰਤੇ ਰਹੇ। ਬਿਵਾਹੇ ਪੁੱਤ੍ਰ ਹੁਏ। ਪੀਛੇ ਸਤਾਈ ਬਰਸ ਕੀ ਅਵਸਥਾ ਮੇਂ ਸਾਧ ਭੇਸ ਕਰ ਏਮਨਾਬਾਦ ਹੋਤੇ ਪਹਿਲੀ ਯਾਤ੍ਰਾ ਸਮੇਂ ਢਾਕੇ ਸ਼ਹਿਰ, ਸੰਗਲਾਦੀਪ ਹੋ, ਮੱਕੇ ਹੋਤੇ ਬੀਬੀ ਨਾਨਕੀ ਕੇ ਯਾਦ ਕੀਏ ਸੁਲਤਾਨ ਪੁਰ ਆਏ। ੧।

Digitized by Panjab Digital Library | www.panjabdigilib.org

ਦੂਸਰੀ ਸੁਮੇਰ ਯਾਤ੍ਰਾ ਸਮੇਂ ਕੀਰਤ ਪੁਰ, ਜੋਹੜ ਆਦਿ ਥਾਨੰ ਮੇਂ ਹੋਤੇ ਬੈਕੁੰਠ ਹੋ ਕਰ ਫੇਰ ਸੁਲਤਾਨ ਪੁਰ ਆਏ ੨।

ਤੀਸਰੀ ਪੂਰਬ ਯਾਤ੍ਰਾ ਮੇਂ ਜਗੰਨਾਥ ਸੇ ਭੂਟੰਤ ਹੋਤੇ ਕਾਸ਼ਮੀਰ, ਪੰਜੇ, ਕਾਬਲ ਹੋ, ਰੂਮ ਮੇਂ ਪਹੁੰਚ ਫੇਰ ਸਮੁੰਦ੍ ਕਿਨਾਰੇ ਗਿਰਨਾਰ, ਮਲੇਵਾਰ ਹੋਤੇ ਨਾਨਕ ਮਤੇ ਸੇ ਸਨੇ ਸਨੇ ਸਤਘਰੇ ਪਹੁੰਚ ਏਮਨਾਬਾਦ ਆਇ ਬਾਬਰ ਕੋ ਮਿਲ ਕਰਤਾਰ ਪੁਰ ਨਗਰ ਬਸਾਇਆ। ੩।

ਚੌਥੀ ਯਾਤ੍ਰਾ ਸਮੇਂ ਫੇਰ ਮੂਲੇ ਕੇ ਘਰ ਹੋਤੇ ਬਗਦਾਦ ਗਏ। ਆਤੀ ਵੇਰ ਮਰਦਾਨਾ ਗੁਜਰਾ। ਏਕ ਵਾਰ ਉਸ ਕੇ ਬੇਟੇ ਕੋ ਲੇ ਕਰ ਫੇਰ ਕਾਬਲ ਸਮੀਪ ਕੁਰਮ ਮੇਂ ਪਹੁੰਚਾਇ ਕਰਤਾਰ ਪੁਰ ਆਏ। ਏਹਾਂ ਹੀ ਰਹੇ ਔਰ ਸਮਾਏ ੪।

ਇਤਿ ਸ੍ਰੀ ਮਤ ਗੁਰ ਤੀਰਥ ਸੰਗ੍ਰਹਿ ਤਾਰਾ ਹਰਿ ਨਰੋਤਮ ਰਚਿਤੇ ਪ੍ਰਿਥਮ ਗੁਰੂਨਾਨਕ ਤੀਰਥ ਰਚਨੰ ਸਮਾਪਤੰ ੧।

Digitized by Panjab Digital Library | www.panjabdigilib.org

ੴ ਸਤਿਗੁਰ ਪ੍ਰਸਾਦਿ ॥

ਸ੍ਰੀ ਗੁਰੂ ਅੰਗਦ ਸਾਹਿਬ ਜੀ

(੧) ਨਾਗੇ ਕੀ ਸਰਾਇ ਗ੍ਰਾਮ — ਮੁਕਤਸਰ ਸੇ ਸਾਤ ਕੌਸ ਈਸਾਨ ਮੇਂ ੧, ਗੁਰੂ ਅੰਗਦ ਜਨਮ ਸਥਾਨ ੨, ਉਦਾਸੀ ੩ — ਸੰਮਤ ੧੫੬੧ ਵੈਸਾਖ ਵਦੀ ਇਕਾਦਸੀ ਕੇ ਚਾਰ ਘੜੀ ਰਾਤ ਰਹੀ ਮਾਤ ਸਭਰਾਈ, ਪਿਤਾ ਫੇਰੂ ਜੀ ਕੇ ਘਰ ਤੇਹਣ ਕੁਲ ਮੇਂ ਗੁਰੂ ਅੰਗਦ ਜੀ ਕਾ ਜਨਮ ਹੁਆ ॥

ਇਸ ਗ੍ਰਾਮ ਕਾ ਨਾਮ ਪਹਿਲੇ 'ਮੱਤੇ ਕੀ ਸਰਾਇ' ਥਾ, ਸੋ ਗੁਰੂ ਜੀ ਕੇ ਸਮੇਂ ਮੇਂ ਉਜੜ ਗਿਆ, ਇਸ ਲੀਏ ਗੁਰੂ ਅੰਗਦ ਜੀ ਅਪਨੇ ਸਸੁਰਾਲ ਮੇਂ ਖਡੂਰ ਸਾਹਿਬ ਆਇ ਰਹੇ ਥੇ। ਸਿੱਖਾਂ ਕਾ ਰਾਜ ਹੁਏ ਨਾਂਗੇ ਸਾਧ ਨੇ ਫੇਰ ਬਸਾਇਆ ਤਬ ਸੇ ਨਾਮ 'ਨਾਂਗੇ ਕੀ ਸਰਾਇ' ਰੱਖਾ।

ਗੁਰੂ ਅੰਗਦ ਜੀ ਕਾ ਜਨਮ ਸਥਾਨ ਗ੍ਰਾਮ ਸੇ ਚਾਰ ਸੌ ਕਦਮ ਪੂਰਬ 'ਮੱਤੇ ਕੀ ਸਰਾਇ ਕੇ ਥੇਹ ਪੈ ਹੈ ੪।

(੨) ਕਰਤਾਰਪੁਰ ੧ — ਗਦੀ ਕਾ ਥਾਨ ੨, ਉਦਾਸੀ ੩ — ਖਡੂਰ ਮੇਂ ਅੰਗਦ ਜੀ ਕੋ ਗੁਰੂ ਨਾਨਕ ਜੀ ਕੀ ਬਾਣੀ ਸੁਣ ਦਰਸ਼ਨ ਕਾ ਪ੍ਰੇਮ ਹੁਆ। ਸੰਮਤ ੧੫੯੫ ਮੇਂ ਬੈਸ਼ਨੋ ਦੇਵੀ ਕੋ ਜਾਤੇ ਤਾਵੀ ਲਖ (ਲੰਘ), ਕਰਤਾਰ ਪੁਰ ਪਹੁੰਚ ਸੇਵਾ ਕਰਤੇ ਰਹੇ। ਸੰਮਤ ੧੫੯੬ ਮੇਂ ੩੫ ਬਰਸ, ੪ ਮਹੀਨੇ, ੨੯

Digitized by Panjab Digital Library | www.panjabdigilib.org

ਦਿਨ ਕੀ ਉਮਰ ਮੇਂ ਗੁਰੂ ਨਾਨਕ ਜੀ ਨੇ ਗੁਰਿਆਈ ਕੇ ਤਖਤ ਬੈਠਾਇ ਲਹਣਾ ਜੀ ਕਾ 'ਅੰਗਦ' ਨਾਮ ਰਖ ਖਡੂਰ ਭੇਜੇ। ਕਹੀਂ ਸੇਵਾ ਮੇਂ ਜਾਣਾ ੧੫੮੩ ਮੇਂ ਲਿਖਾ ਹੈ ੪।

(੩) ਖਡੂਰ ਗ੍ਰਾਮ – ਤਰਨ ਤਾਰਨ ਸੇ ਚਾਰ ਕੋਸ ਪੂਰਬ ੧, ਦਰਬਾਰ ਸਾਹਿਬ ਮੰਜੀ ਮੇਲਾ ਸਾਧਾਂ ਕੀ ਚੌਥ ਕਾ ੨, ਤੇਹਣ ਸਾਹਿਬਜ਼ਾਦੇ ੩ – ਗੁਰਿਆਈ ਲੇਕਰ ਗੁਰੂ ਅੰਗਦ ਸਾਹਿਬ ਖਡੂਰ ਅਪਣੇ ਘਰ ਏਕ ਕੋਠੜੀ ਮੇਂ ਬੈਠ ਗਏ। ਗੁਰੂ ਨਾਨਕ ਜੀ ਕੇ ਜੋਤੀ ਜੋਤ ਸਮਾਵਣੇ ਪੀਛੇ ਬੁੱਢਾ ਜੀ ਨੇ ਆਇ ਕਰ ਪ੍ਰਗਟ ਕੀਏ। ਤਬ ਸੇ ਸਭ ਕੋ ਉਪਦੇਸ਼ ਦੇਤੇ ਰਹੇ। ਇਸ ਮਕਾਨ ਮੇਂ ਕਥਾ, ਕੀਰਤਨ ਲੰਗਰ ਜਾਰੀ ਰਹਾ। ਇਸੀ ਮੇਂ ਗੁਰੂ ਜੀ ਕੋ ਹਮਾਯੂ ਮਿਲਾ। ਇਸੀ ਮਕਾਨ ਮੇਂ ਸ੍ਰੀ ਅਮਰ ਜੀ ਨੇ ਸੇਵਾ ਕਰ ਤਖਤ ਪਾਇਆ। ਗੁਰੂ ਜੀ ਕੇ ਸਮੇਂ ਕਾ ਏਹਾਂ ਕਰੀਰ ਕਾ ਪੇੜ ਲਗ ਰਹਾ ਹੈ ੪।

(੪) ੦, ੧, ਤਪਿਆਣਾ ਸਾਹਿਬ – ਦਰਬਾਰ ਸੇ ਪਾਉ (ਚੌਥਾ ਹਿੱਸਾ) ਕੋਸ ੨, ਤੇਹਣ ੩ – ਤਪਿਆਣੇ ਸਾਹਿਬ ਪੈ ਬੈਠ ਉਸੀ ਸਮੇਂ ਗੁਰੂ ਅੰਗਦ ਜੀ ਰੋੜਾਂ ਕਾ ਬਿਸਤਰ ਕਰ ਤਪ ਕਰਤੇ ਰਹੇ। ਲੰਗਰ ਮੇਂ ਮਾਸ ਨਹੀਂ ਪੜਤਾ ਥਾ, ਕਿਉਂਕਿ ਗੁਰੂ ਅੰਗਦ ਜੀ ਪਹਿਲੇ ਬੰਸ਼ਨੋ ਦੇਵੀ ਕੇ ਸੇਵਕ ਥੇ, ਜਿਸ ਕੋ ਕੜਾਹ ਕਾ ਭੋਗ ਲਗਤਾ ਹੈ। ਪੀਛੇ "ਜੇ ਰਤ ਲਗੈ ਕਪੜੈ" ਇਤਿਆਦਿ ਗੁਰੂ ਨਾਨਕ ਜੀ ਕਾ ਉਪਦੇਸ਼ ਸੁਣਾ। ਯਾਂਤੇ ਸੂਰਜ ਪ੍ਰਕਾਸ਼ ਮੇਂ ਇਨ ਕੇ ਲੰਗਰ ਮੇਂ ਮਾਸ ਪੜਨਾ ਐਸੇ ਭੂਲ

Digitized by Panjab Digital Library | www.panjabdigilib.org

ਸੇ ਲਿਖਾ ਗਿਆ ਹੈ ਜੈਸੇ ਮੋਤੀ ਆਦਿਕ ਭੇਟਾ ਕਹਿਣੀ ਛੋਡ ਬਿਆਸਾ ਕਿਨਾਰੇ ਗੁਰੂ ਅੰਗਦ, ਅਮਰ ਦੋਨੋਂ ਆਗੇ ਧਰਣ ਕੀ ਮੱਛੀ ਭੇਟਾ ਧਰੀ ਲਿਖੀ ਹੈ। ਜੇਕਰ ਗੁਰੂ ਜੀ ਕੇ ਲੰਗਰ ਮੇਂ ਮਾਸ ਪੜਤਾ ਤਬ ਪੁੱਤ੍ਰ ਕੇ ਜਨੇਊ ਸਮੇਂ ਬੱਕਰੇ ਮਾਰਤੇ ਖੱਤ੍ਰੀ ਕੋ ਤਾੜਨਾ ਨਾ ਕਰਤੇ, ਔ ਕਰੀ ਹੈ। ਯਾਂਤੇ ਨਿਸਚੇ ਕਰੋ ਮਾਸ ਨਹੀਂ ਪੜਤਾ ਥਾ। ਤਪਿਆਣਾ ਸਰੋਵਰ ਪੱਕਾ ਹੈ, ਕਿਨਾਰੇ ਪੈ ਗੁਰੂ ਅੰਗਦ ਜੀ ਕੀ ਮੰਜੀ ਹੈ ੪।

(੫) ਖਾਨ ਰਜਾਦਾ — ਖਡੂਰ ਸੇ ਤੇਹ ਕੋਸ ਪੱਛਮ ੧, ੦ ੨, ੦੩ — ਚੌਮਾਸੇ ਕੇ ਦਿਨੋ ਮੇਂ ਬਰਖਾ ਨਾ ਹੋਤੀ ਦੇਖ ਕਰ ਗ੍ਰਾਮ ਕੇ ਲੋਰਾਂ ਨੇ ਤਪਸੀ ਕੋ ਪੂਛਾ ਕਿ ਬਤਾਵੋ ਬਰਖਾ ਕਬ ਹੋਵੈਗੀ? ਉਸਨੇ ਕਹਾ ਤੁਮ ਇਸ ਗੁਰੂ ਕਹਾਵਤੇ ਖੱਤ੍ਰੀ ਕੋ ਗ੍ਰਾਮ ਸੇ ਨਿਕਾਸੋ ਫੇਰ ਹੋ ਜਾਵੈਗੀ। ਮੂਰਖੋਂ ਨੇ ਸੁਣ ਕਰ ਸ਼ੀਘ੍ਰ ਹੀ ਗੁਰੂ ਜੀ ਨਿਕਾਸ ਦੀਏ ਪਰ ਬਰਖਾ ਨਾ ਹੂਈ। ਗੋਇੰਦਵਾਲ ਸੇ ਆਇ ਅਮਰ ਜੀ ਨੇ ਪੂਛਾ ਗੁਰੂ ਜੀ ਕਹਾਂ ਹੈਂ? ਲੋਰਾਂ ਨੇ ਬਤਾਇਆ ਤਪਸੀ ਨੇ ਨਿਕਸਵਾਇ ਦੀਏ। ਅਮਰ ਜੀ ਨੇ ਬਚਨ ਕੀਆ ਜੇ ਬਰਖਾ ਕੀ ਲੋੜ ਹੈ ਤਬ ਤਪਸੀ ਕੀ ਲਾਤੋਂ ਮੇਂ ਰੱਸਾ ਪਾਇ ਖੇਤੋਂ ਮੇਂ ਖਿਚਵਾਓ। ਇਹ ਸੁਣ ਕਰ ਰਾਹਕੋਂ ਨੇ ਵੈਸੇ ਹੀ ਕੀਆ। ਅਰ ਬਰਖਾ ਹੂਈ। ਜ਼ਿਮੀਦਾਰ ਕੁਛ ਦਿਨ ਪੀਛੇ ਫੇਰ ਗੁਰੂ ਅੰਗਦ ਜੀ ਕੋ ਗ੍ਰਾਮ ਮੇਂ ਲੇ ਆਏ ੪।

(੬) ਗੋਇੰਦਵਾਲ — ਖਡੂਰੋਂ ਤੀਨ ਕੋਸ ਅਗਨਿ ਕੋਣ ਮੇਂ ੧, ਗੁਰਦੁਆਰਾ ਚਾਹੀਏ ੨, ੦, ੩ — ਗੁਰੂ ਅਮਰ ਜੀ ਕੋ

Digitized by Panjab Digital Library | www.panjabdigilib.org

ਦਰਸ਼ਨ ਦੇਣੇ ਆਇਆ ਕਰਤੇ ਥੇ ੪ ।

(੭) ਖਡੂਰ ੧, ਸਮਾਧ ਖਡੂਰੋਂ ਪਾਉ ਕੋਸ ਪੱਛਮ ਹੈ ੨, ਤੇਹਣ ੩ – ਸੰਮਤ ੧੬੦੯ ਮੇਂ ਚੇਤ ਸੁਦੀ ਚੌਥ ਕੋ ੧੨ ਬਰਸ, ੬ ਮਹੀਨੇ, ੯ ਦਿਨ ਗੁਰਿਆਈ ਕਰ ਗੁਰੂ ਅੰਗਦ ਜੀ ਜੋਤੀ ਜੋਤ ਸਮਾਏ ੪ ।

– ਸੰਖਿਪਤ ਕਥਾ ਸਮੱਗ੍ਰ ਅਵਸਥਾ ਕੀ –

ਗੁਰੂ ਅੰਗਦ ਜੀ ਮਾਲਵੇ ਜਨਮ, ਖਡੂਰ ਸਹੁਰੇ ਗ੍ਰਾਮ ਮੇਂ ਵਾਸ ਕਰਤੇ ਗੁਰੂ ਨਾਨਕ ਜੀ ਕੀ ਮਹਿਮਾਂ ਸੁਣ ਵੈਸ਼ਨੋ ਦੇਵੀ ਕੇ ਦਰਸ਼ਨ ਜਾਤੇ ਗੁਰੂ ਨਾਨਕ ਜੀ ਕੋ ਮਿਲੇ । ਉਸੀ ਸਮੇਂ ਏਕ ਬਾਰ ਆਪਣੇ ਘਰ ਮੇਂ ਹੋ ਕਰ ਗੁਰੋਂ ਕੀ ਸੇਵਾ ਮੇਂ ਲਗ ਗੁਰਿਆਈ ਲੇ, ਖਡੂਰ ਮੇਂ ਹੀ ਰਹੇ ਔਰ ਸਮਾਏ ।

ਇਤਿ ਸ੍ਰੀ ਮਤ ਗੁਰੁ ਤੀਰਥ ਸੰਗ੍ਰਹਿ ਤਾਰਾ ਹਰਿ ਨਰੋਤਮ ਰਚਿਤੇ ਦ੍ਵਿਤੀਯ ਗੁਰੂ ਤੀਰਥ ਰਚਨਾ ਸਮਾਪਤ ॥੨॥

Digitized by Panjab Digital Library | www.panjabdigilib.org

੧ ੐ ਸਤਿਗੁਰ ਪ੍ਰਸਾਦਿ ॥

ਸ੍ਰੀ ਗੁਰੂ ਅਮਰਦਾਸ ਜੀ

(੧) ਬਾਸਰਕੇ ਗ੍ਰਾਮ – ਅਮ੍ਰਿਤਸਰ ਸੇ ਤੀਨ ਕੋਸ ਪੱਛਮ ੧, ਜਨਮ ਸਥਾਨ ਗੁਰੂ ਅਮਰਦਾਸ ਜੀ ੨, ਪੁਜਾਰੀ ਨਿਰਮਲੇ ੩ – ਸੰਮਤ ੧੫੩੬ ਬੈਸਾਖ ਸੁਦੀ ੧੪, ਬੈਸਾਖ ਪ੍ਰਵਿਸ਼ਟੇ ੨੦ ਕੋ ਸ਼ੁੱਕਰਵਾਰ ਪਹਿਰ ਰਾਤ ਰਹੇ ਮਾਤਾ ਲੱਛਮੀ, ਪਿਤਾ ਤੇਜੋ ਜੀ ਕੇ ਘਰ ਭੱਲੇ ਬੰਸ ਮੇਂ ਗੁਰੂ ਅਮਰਦਾਸ ਜੀ ਕਾ ਜਨਮ ਹੁਆ ੪।

(੨) ਖਡੂਰ ੧ – ਬੜਾ ਸਾਹਿਬ ੨, ਭੱਲੇ ੩ – ਅਪਨੇ ਦਰਬਾਰ ਕੇ ਸਮੀਪ ਬੈਠਾਇ ਗੁਰੂ ਅੰਗਦ ਜੀ ਨੇ ੭੨ ਬਰਸ, ੧੦ ਮਹੀਨੇ, ੨ ਦਿਨ ਕੀ ਅਵਸਥਾ ਮੇਂ ਸੰਮਤ ੧੬੦੯ ਮੇਂ ਅਮਰਦਾਸ ਜੀ ਕੋ ਗੱਦੀ ਦਈ, ਉਸ ਕਾ ਨਾਮ ਬੜਾ ਸਾਹਿਬ ਹੈ ੪।

(੩) ਪਿੰਡੀਆਂ ਗ੍ਰਾਮ – ਖਡੂਰ ਜੀ ਸੇ ਦੋ ਕੋਸ ਅਗਨਿ ਕੋਣ ਮੇਂ ੧, ਗੁਰਦੁਆਰਾ ਦਮਦਮਾ ੨, ਭੱਲੇ ਸਾਹਿਬਜ਼ਾਦੇ ੩- ਗੁਰੂ ਅੰਗਦ ਜੀ ਕਾ ਦਰਸ਼ਨ ਕਰ ਗੋਇੰਦਵਾਲ ਕੋ ਆਵਤੇ ਵਾ ਬਿਆਸਾ ਕਾ ਜਲ ਲੇਨੇ ਆਵਤੇ ਗੁਰੂ ਅਮਰਦਾਸ ਜੀ ਈਹਾਂ ਸੇ ਮੱਥਾ ਟੇਕ ਆਗੇ ਦ੍ਰਿਸ਼ਟਿ ਕਰ ਚਲਤੇ। ਈਹਾਂ ਪ੍ਰਯੰਤ ਪਾਛਲਾ ਪਾਉਂ ਆਵਤੇ ਥੇ। ਕੁਛ ਦੇਰ ਠਹਿਰ ਦਮ ਲੇਨੇ ਸੇ ਥਾਨ ਕਾ

Digitized by Panjab Digital Library | www.panjabdigilib.org

ਨਾਮ ਦਮਦਮਾ ਹੈ। ਐਸੇ ਹੀ ਆਗੇ ਜਾਣ ਲੇਨਾ। ਕਹੀਂ ਕਹੀਂ ਊਚੇ ਥਾਨੋਂ ਕਾ ਨਾਮ ਭੀ ਹੈ। ਜੈਸੇ ਬ੍ਰਹਮ ਪੁੱਤ੍ਰ ਕਾ ਦਮਦਮਾ ੪।

(੪) ਗੋਇੰਦਵਾਲ – ਸ਼ਹਿਰ ਅੰਮ੍ਰਿਤਸਰ ਜੀ ਸੇ ਪੰਦ੍ਰਾਂ ਕੋਸ ਪੂਰਬ ਬਿਆਸਾ ਤੀਰੇ ੧, ਚੁਬਾਰਾ ਸਾਹਿਬ ਮੇਲਾ ਭਾਦੋਂ ਕੀ ਪੂੰਨਿਆਂ ਕੋ ਪਹਿਲੇ ਸ੍ਰਾਧ ਕਾ ੨, ਭੱਲੇ ਬਾਵੇ ੩ – ਗੁਰਿਆਈ ਲੇ ਈਹਾਂ ਪਹੁੰਚ ਗੁਰੂ ਅਮਰਦਾਸ ਜੀ ਚੁਬਾਰੇ ਮੇਂ ਸਮਾਧਿ ਲਗਾਇ ਕਰ ਬੈਠ ਗਏ। ਇਸ ਮੇਂ ਗੁਰੂ ਜੀ ਕੀ ਗਾਦੀ ਬਿਛੀ ਰਹਿਤੀ ਹੈ ਅਰ ਇਸ ਚੁਬਾਰੇ ਸਾਹਿਬ ਕੀ ਕੰਧ ਮੇਂ ਹੀ 'ਕੀਲੀ ਸਾਹਿਬ' ਹੈ। ਬਹੁਤ ਬੂਢੇ ਭਏ ਗੁਰੂ ਸਾਹਿਬ ਇਸ ਕੋ ਪਕੜ ਕਰ ਤਪ ਕਰਤੇ ਥੇ ੪।

(੫) ੦, ੧ – ਵੱਡਾ ਦਰਬਾਰ - ਸਭਾ ਥਾਨ ੨, ਭੱਲੇ ੩ – ਜਬ ਕਈ ਦਿਨ ਸਮਾਧ ਮੇਂ ਰਹੇ ਤਬ ਬਾਬੇ ਬੁੱਢੇ ਆਦਿਕ ਸਭ ਸੇਵਕੋਂ ਨੇ ਮਿਲ ਕਰ 'ਬਲ੍ਹੂ' ਨਾਮੀ ਗੁਰੂ ਅਮਰ ਦਾਸ ਜੀ ਕੇ ਸੇਵਕ ਸੇ ਬੇਨਤੀ ਕਰਾਈ ਕਿ ਸਿੱਖ ਦਰਸ਼ਨ ਅਰ ਉਪਦੇਸ਼ ਚਾਹਤੇ ਹੈਂ। ਸੁਣ ਕਰ ਗੁਰੂ ਜੀ ਚੌਬਾਰੇ ਸੇ ਉਤਰ ਤਲੇ ਸਭਾ ਮੇਂ ਆਏ। ਇਸੀ ਹਵੇਲੀ ਮੇਂ ਬੀਬੀ ਭਾਨੀ ਜੀ ਕੀ ਚੁਲ੍ਹੇ। ਔਰ ਬੀਬੀ ਭਾਨੀ ਜੀ ਕੀ ਕੋਠੜੀ, ਗੁਰੂ ਅਰਜਨ ਜੀ ਕਾ ਥੰਭ, ਰਾਮਦਾਸ ਜੀ ਕਾ ਗਾਦੀ ਸਥਾਨ, ਤੋਈਏ ਵਾਲੀ ਕੋਠੜੀ, ਗੁਰੂ ਅਰਜਨ ਜੀ ਕੇ ਜਨਮ ਕੀਕੋਠੜੀ, ਚੁਬੱਚਾ ਹੈ ੪।

(੬) ਬਾਸਰਕੇ ਗ੍ਰਾਮ ੧, ਕੋਠਾ ਸਾਹਿਬ ਪਾਉ ਕੋਸ

Digitized by Panjab Digital Library | www.panjabdigilib.org

ਮੇਲਾ ਵਿਸਾਖੀ ੨, ਸਿੱਖ ੩ – ਜਬ ਖਡੂਰ ਸੇ ਆਇ ਗੁਰੂ ਅੰਗਦ ਜੀ ਕੇ ਪੁੱਤ੍ਰ ਦਾਤੂ ਨੇ ਗੁਰੂ ਅਮਰ ਜੀ ਕੀ ਦੇਹ ਮੇਂ ਲੱਤ ਮਾਰੀ ਅਰ ਕਹਾ ਈਹਾਂ ਸੇ ਨਿਕਸ ਜਾਵੋ ਤਬ ਗੁਰੂ ਜੀ ਗ੍ਰਾਮ ਸੇ ਬਾਹਰ ਗੁਆਲੋਂ ਕੇ ਕੋਠੇ ਕਾ ਮੁਖ ਬੰਦ ਕਰਾਇ ਅਰ 'ਜੋ ਹਮਾਰਾ ਸਿੱਖ ਹੋਗਾ ਸੋ ਮੁਖ ਨਹੀਂ ਖੋਲੇਗਾ' ਐਸੇ ਦਰਵੱਜੇ ਪੈ ਅੱਖਰ ਲਿਖਾਇ ਭੀਤਰ ਬੈਠ ਗਏ ਬਾਬਾ ਬੁੱਢੇ ਨੇ ਕੋਠੇ ਕੇ ਪੀਛੇ ਸੰਨ ਦਿਵਾਇ ਦੇਖ ਬੇਨਤੀ ਕਰ ਫੇਰ ਗੋਇੰਦਵਾਲ ਲਿਆਂਦੇ। ਦਾਤੂ ਕੀ ਲੱਤ ਸੁਕ ਗਈ ੪।

(੭) ਥਾਨੇਸਰ ਸ਼ਹਿਰ ੧, ਗੁਰਦੁਆਰਾ ਨਾਭੀ ਤੀਰਥ ਪੈ ੨, ਸਿੱਖ੩-ਅਕਬਰ ਕੇ ਸਮੇਂ ਗੁਰੂ ਅਮਰ ਜੀ ਨੇ ਗੋਇੰਦਵਾਲ ਮੇਂ ਸਿੱਖ ਸੰਗਤ ਕਾ ਮੇਲ ਕੀਆ। ਖੱਤ੍ਰੀ ਬ੍ਰਾਹਮਣੋ ਨੇ ਫਰਿਆਦ ਕਰੀ ਕਿ ਪੁਰਾਣੇ ਤੀਰਥੰ ਕੇ ਮੇਲੇ ਛੋਡ ਕਰ ਗੁਰੂ ਨਈ ਚਾਲ ਕਰਤੇ ਹੈਂ, ਸੁਣ ਕਰ ਅਕਬਰ ਸ਼ਾਹ ਨੇ ਗੁਰੂ ਜੀ ਪ ਅਰਜ਼ ਕਰ ਭੇਜੀ ਕਿ ਆਪ ਇਨ ਕੋ ਭੀ ਰਾਜ਼ੀ ਰੱਖੇਂ ਔਰ ਕਭੀ ਤੀਰਥ ਯਾਤ੍ਰਾ ਭੀ ਜਾਵੇਂ। ਉਸ ਸਮੇਂ ਸੰਮਤ ੧੬੧੩ ਮੇਂ ਤੀਰਥ ਯਾਤ੍ਰਾ ਜਾਤੇ ਗੁਰੂ ਪਹਿਲੇ ਕੁਰਖੇਤ੍ਰ ਮੇਂ ਆਏ। ਈਹਾਂ ਗੁਰੂ ਜੀ ਕੋ ਪੰਡਤੋਂ ਨੇ ਕਹਾ ਆਪ ਨੇ ਬੇਦ ਸ਼ਾਸਤ੍ਰ ਕੀ ਬਾਣੀ ਸੇ ਨਈ ਔਰ ਬਾਣੀ ਕਿਉਂ ਰਚੀ ? ਇਹ ਸੁਣ ਕੇ 'ਜੈਸੇ ਧਰਤੀ ਊਪਰ ਮੇਘੁਲਾ ਬਰਸਤ ਹੈ ਕਿਆ ਧਰਤੀ ਮਧੇ ਪਾਣੀ ਨਾਹੀ ॥' ਯੇਹ ਪੰਡਤੋਂ ਕੋ ਗੁਰੂ ਜੀ ਨੇ ਉੱਤਰ ਕਾ ਸ਼ਬਦ ਕਹਾ ੪।

(੮) ਕਨਖਲ – ਤੀਰਥ ੧, ਗੁਰਦੁਆਰਾ ੨,

Digitized by Panjab Digital Library | www.panjabdigilib.org

ਨਿਰਮਲੇ ੩ — ਕਨਖਲ ਨਿਰਮਲਿਓਂ ਕੇ ਮਕਾਨ ਮੇਂ ਗੁਰ-ਦੁਆਰਾ ਹੈ ੪ ।

(੯) ਗੋਇੰਦਵਾਲ ੧, ਬਾਵਲੀ ਸਾਹਿਬ ੨, ਭੱਲੇ ਬਾਵੇ ੩ — ਸੰਮਤ ੧੬੧੬ ਮਾਘ ਪ੍ਰਵਿਸ਼ਟੇ ੨੧, ਮੰਗਲ ਵਾਰ, ੫ ਘੜੀ ਦਿਨ ਚੜ੍ਹੈ ਬਾਵਲੀ ਜੀ ਕਾ ਆਰੰਭ ਕੀਆ ਇਸ ਕਾ ਕੜਾ ਟੂਟਨੇ ਸਮੇਂ ਗੁਰੂ ਜੀ ਕੇ ਬਰ ਸੇ ਅਕਬਰ ਨੇ ਚਿਤੌੜ ਕਾ ਕਿਲ੍ਹਾ ਫਤੇ ਕੀਆ ਲਾਹੌਰ ਓਰ ਜਾਤੇ ਅਕਬਰ ਬਾਦਸ਼ਾਹ ਨੇ ਗੁਰੂ ਜੀ ਕੇ ਲੰਗਰ ਹੇਤ ਝੁਬਾਲ ਕਾ ਤੱਲਕਾ ਚੜ੍ਹਾਇਆ ੪ ।

(੧੦) ਭਾਈ ਬਹਲੋਲ ਗ੍ਰਾਮ — ਕਸੂਰ ਸੇ ਤੀਨ ਕੋਸ ਉੱਤਰ ੧, ਗੁਰਦੁਆਰਾ ੨, ਉਦਾਸੀ ੩ — ਈਹਾਂ ਗੁਰੂ ਜੀ ਕੋ ਮਿਲਨੇ ਆਏ ਕਸੂਰ ਕੇ ਖੱਤ੍ਰੀ ਬਰਾਬਰ ਬੈਠਨੇ ਹੇਤ ਕੁਰਸੀਆਂ ਮੁੜ੍ਹੁ ਉਠਵਾਇ ਲਿਆਏ । ਗੁਰੂ ਜੀ ਨੇ ਅਹੰਕਾਰੀ ਜਾਣ ਸ੍ਰਾਪ ਦੀਆ ਕਿ ਸਦਾ ਦੁਖੀ ਰਹੋ ਗੇ ੪ ।

(੧੧) ੦, ੧, ਕੋਠੜੀ ਜੋਤੀ ਜੋਤ ਸਮਾਵਣ ਕੀ ੨, ਭੱਲੇ ੩– ਸੰਮਤ ੧੬੩੧ ਭਾਦੋਂ ਸੁਦੀ ਪੂਰਣਮਾ ਕੋ ਸ੍ਰੀ ਗੁਰੂ ਅਮਰਦਾਸ ਜੀ ਜੋਤੀ ਜੋਤ ਸਮਾਏ । ਇਨ ਕੇ ਜੋਤੀ ਜੋਤ ਸਮਾਵਣ ਕਾ ਥਾਨ ਉਸੀ ਹਵੇਲੀ ਮੇਂ ਹੈ ਜਿਸ ਪੈ ਚੁਬਾਰਾ ਸਾਹਿਬ ਹੈ ੪ ।

— ਸੰਖਿਪਤ ਕਥਾ ਸਮੱਗਰ ਅਵਸਥਾ ਕੀ —

ਗੁਰੂ ਅਮਰਦਾਸ ਜੀ ਬਾਸਰਕੇ ਗਾਉਂ ਸੇ ਖਡੂਰ

Digitized by Panjab Digital Library | www.panjabdigilib.org

ਪਹੁੰਚ, ਗੁਰੂ ਅੰਗਦ ਜੀ ਕੀ ਸੇਵਾ ਕਰ, ਗਾਦੀ ਪਾਇ, ਗੋਇੰਦ ਵਾਲ ਵੱਸ, ਏਕ ਬਾਰ ਤੀਰਥ ਯਾਤ੍ਰਾ ਕਰ ਫੇਰ ਗੋਇੰਦਵਾਲ ਮੇਂ ਹੀ ਰਹੇ ਔਰ ਸਮਾਏ।

ਇਤਿ ਸ੍ਰੀ ਮਤ ਗੁਰੁ ਤੀਰਥ ਸੰਗ੍ਰਹਿ ਤਾਰਾ ਹਰਿ ਨਰੋਤਮ ਰਚਿਤੇ ਤ੍ਰਿਤੀਯ ਗੁਰੁ ਤੀਰਥ ਰਚਨਾ ਸਮਾਪਤ ॥ ੩ ।

Digitized by Panjab Digital Library | www.panjabdigilib.org

ੴ ਸਤਿਗੁਰ ਪ੍ਰਸਾਦਿ ॥

ਸ੍ਰੀ ਗੁਰੂ ਰਾਮਦਾਸ ਜੀ

(੧) ਲਾਹੌਰ ਸ਼ਹਿਰ, ਚੂਨਾ ਮੰਡੀ ੧, ਜਨਮ ਅਸਥਾਨ ਚੁਬੱਚਾ ਸਾਹਿਬ ੨, ਸਿੱਖ ੩ — ਮਾਤਾ ਦਇਆ ਕੌਰ, ਪਿਤਾ ਹਰਿਦਾਸ ਜੀ ਕੇ ਘਰ ਸੋਢੀ ਬੰਸ ਮੇਂ ਸੰਮਤ ੧੫੮੭ ਕਾਤਕ ਵਦੀ ਦੂਜ, ਪ੍ਰਵਿਸ਼ਟੇ ਬੀਸ ਕੋ ਚਾਰ ਘੜੀ ਦਿਨ ਚੜ੍ਹੇ ਗੁਰੂ ਰਾਮਦਾਸ ਜੀ ਕਾ ਜਨਮ ਹੁਆ ੪।

(੨) ੦, ੧, ਧਰਮਸਾਲਾ ੨, ਸਿੱਖ ੩ — ਗੁਰੂ ਰਾਮ ਦਾਸ ਜੀ ਕੀ ਧਰਮਸਾਲਾ ਜਨਮ ਸਥਾਨ ਕੇ ਸਮੀਪ ਯਹੀ ਗੁਰੂ ਅਰਜਨ ਜੀ ਕਾ ਦਿਵਾਨ ਖਾਨਾ ਕਹਿਆ ਜਾਤਾ ਹੈ ੪।

(੩) ਗੋਇੰਦਵਾਲ ੧, ਗੱਦੀ ਥਾਨ ਹਵੇਲੀ ਮੇਂ ੨, ਕੁੱਲੇ ਬਾਵੇ ੩ — ਬਹੁਤ ਦਿਨ ਗੁਰੂ ਅਮਰ ਜੀ ਕੀ ਸੇਵਾ ਕਰ ਸੰਮਤ ੧੬੩੧ ਮੇਂ ੪੩ ਬਰਸ, ੧੦ ਮਹੀਨੇ, ੨੬ ਦਿਨ ਕੀ ਉਮਰ ਮੇਂ ਰਾਮ ਦਾਸ ਜੀ ਨੇ ਗੁਰਿਆਈ ਕਾ ਤਖਤ ਪਾਇਆ ੪।

(੪) ੦, ੧, ਗੁਰੂ ਰਾਮ ਦਾਸ ਜੀ ਕਾ ਕੂਆ ੨, ੦, ੩ — ਗੁਰੂ ਅਮਰ ਜੀ ਕੀ ਹਵੇਲੀ ਕੇ ਸਮੀਪ ਹੈ ੪।

(੫) ਅਮ੍ਰਿਤਸਰ ਸ਼ਹਿਰ — ਖਾਸ ਜ਼ਿਲਾ ੧, ਗੁਰੂ ਕੇ ਮਹਲ, ਮੇਲਾ ਦੀਪ ਮਾਲਾ, ਬੈਸਾਖੀ ੨, ਨਿਰਮਲੇ ੩ —

Digitized by Panjab Digital Library | www.panjabdigilib.org

ਗੁਰੂ ਅਮਰ ਜੀ ਕੀ ਆਗਜਾ ਸੇ ਸੰਮਤ ੧੬੨੦ ਮੇਂ ਸ੍ਰੀ ਅੰਮ੍ਰਿਤ ਸਰੋਵਰ ਕਾ ਟੱਕ ਲਗਾਇ ਚੋੜਾ ਖਨਵਾਇ ਕੇ ਰਹਿਣੇ ਦੀਆ। ਫੇਰ ਸੰਮਤ ੧੬੩੪ ਮੇਂ ਮਾਘ ਮਹੀਨੇ 'ਰਾਮਦਾਸ ਪੁਰ' ਤਥਾ 'ਰਾਮਦਾਸ ਚੱਕ' ਨਾਮ ਰਖ ਨਗਰ ਬਸਾਇਆ, ਮਹਲ ਬਣਾਏ, ਗੁਰੂ ਕਾ ਬਜ਼ਾਰ ਬਣਵਾਇਆ, ਕੱਚਾ ਸੁਧਾਸਰ ਖੁਦਵਾਇਆ ੪।

(੬) ੦, ੧, ਦੁਖਭੰਜਨੀ ਬੇਰ ੨, ਸਿੱਖ ੩ — ਜਹਾਂ ਦੁਖਭੰਜਨੀ ਬੇਰੀ ਹੈ ਈਹਾਂ ਛਪੜੀ ਥੀ, ਉਸ ਮੇਂ ਇਸ਼ਨਾਨ ਕਰ ਕੁਸ਼ਟੀ ਪੁਰਖ ਕਾ ਕੁਸ਼ਟ ਦੂਰ ਹੁਆ। ਇਸ ਲੀਏ ਦੁਖ ਕਾ ਭੰਜਣ ਕਰਣੇ ਵਾਲੇ ਸਥਾਨ ਕੀ ਬੇਰੀ ਕਾ ਨਾਮ 'ਦੁਖਭੰਜਨੀ' ਹੈ ੪।

(੭) ੦, ੧, ਸੰਤੋਖ ਸਰ ੨, ਸਿੱਖ ੩ - ਗੁਰੂ ਅਮਰ ਜੀ ਨੇ ਟਾਲੀ ਕੇ ਬ੍ਰਿਛ ਕਾ ਪਤਾ ਦੇ ਗੁਰੂ ਰਾਮਦਾਸ ਜੀ ਸੇ ਤੀਰਥ ਬਣਵਾਇਆ ਨਾਮ 'ਸੰਤੋਖ ਸਰ' ਰਖਵਾਇਆ। ਈਹਾਂ ਇਨ ਹੀ ਕੇ ਸਮੇਂ ਮੇਂ ਜੋਗੀ ਨਿਕਸਾ ਥਾ ੪।

(੮) ੦, ੧, ਅੰਮ੍ਰਿਤਸਰ - ਸੁਧਾਸਰ ਤੀਰਥ ੨, ੦੩ — ਸੰਤੋਖ ਸਰ ਸੇ ਪੀਛੇ ਗੁਰੂ ਅਮਰ ਜੀ ਨੇ ਇਸ ਤੀਰਥ ਕੇ ਬਨਵਾਣੇ ਕੀ ਗੁਰੂ ਰਾਮਦਾਸ ਜੀ ਕੋ ਆਗਜਾ ਦੇ ਨਾਮ 'ਅੰਮ੍ਰਿਤਸਰ' ਰਖਾਇਆ। ਗੁਰੂ ਰਾਮਦਾਸ ਜੀ ਨੇ 'ਸਤਿਗੁਰ ਕਾ ਜੋ ਸਿਖ ਅਖਾਵੈ' ਇਤਿਆਦ ਗ੍ਰੰਥ ਸਾਹਿਬ ਜੀ ਮੇਂ ਇਸ ਕੇ ਇਸ਼ਨਾਨ ਕਾ ਮਹਾਤਮ ਕਹਿਆ ਹੈ ੪।

Digitized by Panjab Digital Library | www.panjabdigilib.org

(੯) ਗੋਇੰਦਵਾਲ ੧, ਦੇਹਰਾ ਬਿਆਸਾ ਤੀਰ ੨, ਭੱਲੇ ਬਾਵੇ ੩ – ੬ ਬਰਸ,੧੧ ਮਹੀਨੇ,੧੮ ਦਿਨ ਗੁਰਿਆਈ ਕਰਕੇ ਸੰਮਤ ੧੬੩੮ ਮੇਂ ਭਾਦੋਂ ਸੁਦੀ ਤੀਜ ਕੋ ਚਲਾਣਾ ਕੀਆ। ਏਹਾਂ ਹੀ ਇਨ ਕੇ ਮਹਿਲ ਭਾਨੀ ਜੀ ਕਾ ਚਲਾਣਾ ਹੁਆ। ਦੇਹਰੇ ਗੁਰੂ ਅਮਰ ਜੀ ਕੇ ਦੇਹਰੇ ਪਾਸ ਥੇ ਸੋ ਸਭੀ ਗੁਰੂ ਹਰਿ ਗੋਬਿੰਦ ਜੀ ਕੇ ਬਚਨ ਸੇ ਬਿਆਸਾ ਜੀ ਕੇ ਪ੍ਰਵਾਹ ਮੇਂ ਲਜ ਹੁਏ ੪।

– ਸੰਖਿਪਤ ਕਥਾ ਸਮਗ੍ਰ ਅਵਸਥਾ ਕੀ –

ਗੁਰੂ ਰਾਮਦਾਸ ਜੀ ਲਾਹੌਰ ਜਨਮ ਲੇ, ਗੋਇੰਦਵਾਲ ਪਹੁੰਚ, ਗੁਰੂ ਅਮਰ ਜੀ ਕੀ ਟਹਿਲ ਕਰ, ਗੱਦੀ ਲੇ, ਅੰਮ੍ਰਿਤਸਰ ਬਸਾਇ, ਤੀਰਥ ਰਚ, ਫੇਰ ਕੁਛ ਦਿਨ ਗੋਇੰਦ-ਵਾਲ ਨਿਵਾਸ ਕਰ, ਪੀਛੇ ਅਮ੍ਰਿਤਸਰ ਨਿਵਾਸ ਕਰਤੇ, ਗੋਇੰਦਵਾਲ ਜਾ ਸਮਾਏ ॥

ਇਤਿ ਸ੍ਰੀ ਮਤ ਗੁਰੂ ਤੀਰਥ ਸੰਗ੍ਰਹਿ ਤਾਰਾ ਹਰਿ ਨਰੋਤਮ ਰਚਿਤ ਚਤੁਰਥ ਗੁਰੁ ਤੀਰਥ ਰਚਨਾ ਸਮਾਪਤ ॥ ੪ ॥

Digitized by Panjab Digital Library | www.panjabdigilib.org

੧ ੐ ਸਤਿਗੁਰ ਪ੍ਰਸਾਦਿ ॥

ਸ੍ਰੀ ਗੁਰੂ ਅਰਜਨ ਦੇਵ ਜੀ

(੧) ਗੋਇੰਦਵਾਲ ੧, ਜਨਮ ਸਥਾਨ ਚੁਬੱਚਾ ਸਾਹਿਬ ੨, ਭੱਲੇ ਬਾਵੇ ੩ – ਸੰਮਤ ੧੬੧੦ ਬੈਸਾਖ ਵਦ ਸੱਤੇਂ, ਅਠਾਰਾਂ ਪ੍ਰਵਿਸ਼ਟੇ, ਮੰਗਲਵਾਰ, ਦੋ ਪਹਿਰ ਰਾਤ ਗਈ ਮਾਤਾ ਭਾਨੀ ਜੀ, ਪਿਤਾ ਗੁਰੂ ਰਾਮਦਾਸ ਜੀ ਕੇ ਘਰ ਗੁਰੂ ਅਰਜਨ ਜੀ ਕਾ ਜਨਮ ਹੁਆ ੪ ।

(੨) ੦, ੧, ਥੰਭ ਸਾਹਿਬ ੨, ੦, ੩ – ਜਿਸ ਥੰਭ ਕੋ ਪਕੜ ਕੇ ਅਤੀ ਬਾਲ ਅਵਸਥਾ ਮੇਂ ਗੁਰੂ ਅਰਜਨ ਜੀ ਖੜੇ ਹੋਤੇ ਥੇ ੪ ।

(੩) ਮਉ ਗ੍ਰਾਮ – ਫਲੌਰ ਸੇ ਪਾਂਚ ਕੋਸ ਪੱਛਮ ਜ਼ਿਲਾ ਜਲੰਧਰ ੧, ਗੁਰਦੁਆਰਾ ੨, ਨਿਹੰਗ ੩ – ਸੰਮਤ ੧੬੨੨ ਹਾੜ ਪ੍ਰਵਿਸ਼ਟੇ ੨੨ ਕੋ ਗੰਗਾ ਦੇਵੀ ਜੀ ਸੇ ਬਿਵਾਹ ਹੁਆ । ਈਹਾਂ ਬਿਵਾਹ ਸਮੇਂ ਲੋਗੋਂ ਨੇ ਹਾਸੀ ਕਰੀ ਥੀ, ਇਸ ਲੀਏ ਉਨ ਕੋ ਸ੍ਰਾਪ ਦੀਆ ''ਮਉ ਮਾਰੀ ਕਰਤਾਰ ਨੇ ਮਉ ਵੱਸਦੇ ਝੁਠੇ ॥ ਉੱਪਰ ਜਿਨਾਂ ਗੋਦੜੇ ਅਰ ਹੱਥੀਂ ਠੂਠੇ'' ੪ ।

(੪) ਲਾਹੌਰ ੧, ਦੀਵਾਨ ਖਾਨਾ ਗੁਰੂ ਰਾਮਦਾਸ ਜੀ ਕੀ ਧਰਮਸਾਲਾ ੨, ਸਿੱਖ ੩ – ਆਪਣੇ ਤਾਏ ਕੇ ਬੇਟੇ ਕੇ ਬਿਵਾਹ ਮੇਂ ਗਏ । ਗੁਰੂ ਅਰਜਨ ਜੀ ਈਹਾਂ ਦੋ ਬਰਸ ਰਹੇ ।

Digitized by Panjab Digital Library | www.panjabdigilib.org

ਦੋ ਬਰਸ ਪੀਛੇ "ਮੇਰਾ ਮਨੁ ਲੋਚੈ ਗੁਰਦਰਸਨ ਤਾਈ" ਐਸੇ ਮਾਝ ਕਾ ਸ਼ਬਦ ਤੀਨ ਪਉੜੀ ਪੱਤ੍ਰਿਕਾ ਭੇਜੀਆਂ। ਉਸ ਕੋ ਵਾਚ ਕੇ ਗੁਰੂ ਜੀ ਨੇ ਬੁਲਾਏ ੪।

(੫) ਅਮ੍ਰਿਤਸਰ ੧, ਗੁਰੂ ਕੇ ਮਹਲ ਗਾਦੀ ਸਥਾਨ੨, ਸਿੱਖ ੩ — ਅਠਾਈ ਬਰਸ, ਦੋ ਮਹੀਨੇ, ਯਾਰਾਂ ਦਿਨ ਕੀ ਉਮਰ ਮੇਂ ਗੁਰੂ ਰਾਮਦਾਸ ਜੀ ਕੀ ਆਗਜਾ ਸੇ ਬਾਬੇ ਬੁੱਢੇ ਨੇ ਗੁਰੂ ਅਰਜਨ ਜੀ ਕੋ ਸਿੰਘਾਸਨ ਬੈਠਾਇ ਮਸਤਕ ਪੈ ਤਿਲਕ ਕੀਆ। ਤਬ ਗੁਰੂ ਜੀ ਨੇ "ਭਾਗ ਹੋਇਆ ਗੁਰ ਸੰਤ ਮਿਲਾਇਆ" ਚੌਥੀ ਪਉੜੀ ਕਹੀ ੪।

(੬) ੦, ੧, ਸੰਤੋਖ ਸਰ ਟਾਹਲੀ ਸਾਹਿਬ ੨, ਸਿੱਖ ੩ — ਗੁਰੂ ਰਾਮਦਾਸ ਜੀ ਨੇ ਯੇਹ ਤੀਰਥ ਥੋੜਾ ਸਾ ਖੁਦਵਾਇਆ ਥਾ। ਸੰਮਤ ੧੬੪੫ ਫਾਗਨ ਪ੍ਰਵਿਸ਼ਟੇ ੧ ਕੋ ਪੂਰਾ ਗੁਰੂ ਅਰਜਨ ਜੀ ਨੇ ਕੀਆ। ਟਾਹਲੀ ਕੇ ਬ੍ਰਿਛ ਤਲੇ ਬੈਠ ਕੇ ਖੁਦਵਾਇਆ ਕਰਤੇ ਥੇ। ਕੋਈ ਜੋਗੀ ਕਾ ਨਿਕਸਨਾ ਇਨ ਕੇ ਸਮੇਂ ਕਹਿਤੇ ਹੈਂ ੪।

(੭) ੦, ੧, ਅਮ੍ਰਿਤਸਰ ਸੁਧਾਸਰ ੨, ੦, ੩ — ਸੰਮਤ ੧੬੨੦ ਮੇਂ ਸ੍ਰੀ ਅਮ੍ਰਿਤਸਰ ਥੋੜਾ ਖੁਦਵਾਇਆ ਗਿਆ ਥਾ। ਫੇਰ ਸੰਮਤ ੧੬੩੪ ਮੇਂ ਗੁਰੂ ਰਾਮਦਾਸ ਜੀ ਨੇ ਕੱਚਾ ਸਮੱਗ੍ਰ ਖੁਦਵਾਇਆ, ਨਗਰ ਬਸਾਇਆ। ਸੰਮਤ ੧੬੪੫ ਮੇਂ ਮਾਘ ਪ੍ਰਵਿਸ਼ਟੇ ਏਕ, ਵੀਰਵਾਰ ਸੇ ਆਰੰਭ ਕਰ ਗੁਰੂ ਅਰਜਨ ਸਾਹਿਬ ਜੀ ਨੇ ਪੱਕਾ ਬਣਵਾਇਆ। ਦਰਬਾਰ ਰਚਾ,

Digitized by Panjab Digital Library | www.panjabdigilib.org

ਨੀਂਵ ਸਮੇਂ ਈਂਟ ਰੱਖੀ, ਕਾਰੀਗਰ ਨੇ ਬਦਲ ਦਈ, ਇਸ ਲੀਏ ਬਚਨ ਕੀਆ ਏਕ ਵਾਰ ਫੇਰ ਨੀਂਵ ਰਖੀ ਜਾਏਗੀ ਸੋ ਸੰਮਤ ੧੮੧੮ ਕੇ ਚੇਤ ਮਹੀਨੇ ਅਹਿਮਦ ਸ਼ਾਹ ਨੇ ਦਰਬਾਰ ਸਾਹਿਬ ਦੀ ਬਿਅਦਬੀ ਕਰੀ ਤਬ ੧੮੨੦ ਕੀ ਵੈਸਾਖ ਸੁਦੀ ੧੦ ਵੀਰਵਾਰ ਕੋ ਬੁੱਢੇ ਦਲ ਕੇ ਦੀਵਾਨ ਦੇਸਰਾਜ ਨੇ ਫੇਰ ਸੇਵਾ ਕਰੀ ਪੀਛੇ ੧੮੬੦ ਮੇਂ ਰਣਜੀਤ ਸਿੰਘ ਨੇ ਅਪਨਾ ਦਖਲ ਕਰ ਦਰਬਾਰ ਪ੍ਰੇਮ ਸੇ ਬਣਵਾਇਆ ੪।

